SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

46
Oct. - Dec. 2022

75
ਆਜ਼ਾਦੀ ਦਾ
ਅਮ੍ਰਿਤ ਮਹਾਉਤਸਵ

# ਸੈਣੀ ਸੰਸਾਰ
# Saini Sansar

## ਆਜ਼ਾਦੀ ਸੰਗ੍ਰਾਮ ਨੂੰ ਸਮਰਪਿਤ ਅੰਕ





ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।

## ਅੰਦਰ ਪੜ੍ਹੋ

- ਆਜ਼ਾਦੀ ਸੰਗ੍ਰਾਮ ਵਿੱਚ ਸੈਣੀ ਬਰਾਦਰੀ ਦਾ ਯੋਗਦਾਨ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਸਾਹਿਤਕ ਰਚਨਾਵਾਂ
- ਭਾਰਤ ਦੇ ਰਾਸ਼ਟਰਪਤੀ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001
ਮੁੱਲ : 30 ਰੁਪਏ

Volume - XII, Issue - IV

# Saini Sansar

(Quarterly)

October - December 2022

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 08.10.2022**

# ਸੈਣੀ ਸੰਸਾਰ
(ਤਿਮਾਹੀ)

ਜਿਲਦ 12, ਅੰਕ 4 ਅਕਤੂਬਰ - ਦਸੰਬਰ 2022

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।


ਮੁੱਖ ਪੰਨੇ 'ਤੇ ਫੋਟੋ : ਸ਼ਹੀਦ ਆਜ਼ਾਦੀ ਸੰਗ੍ਰਾਮੀ - ਸ. ਕਰਤਾਰ ਸਿੰਘ ਸਰਾਭਾ (1896-1915), ਸ. ਭਗਤ ਸਿੰਘ (1907-1931) ਅਤੇ ਸ. ਊਧਮ ਸਿੰਘ (1899-1940)

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਉਦਾਸ ਪੰਜਾਬ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਸਫ਼ਲ ਸੈਣੀ ਸ਼ਖ਼ਸ਼ੀਅਤਾਂ | 7 |
| ਕਹਾਣੀ - ਸੁਹਾਗ ਦਾ ਬਲੀਦਾਨ | 8-9 |
| ਸੈਣੀ ਜਾਤ ਦਾ ਆਰੰਭ | 10-11 |
| ਆਜ਼ਾਦੀ ਦੇ 75 ਸਾਲ - ਦਸ਼ਾ ਅਤੇ ਦਿਸ਼ਾ | 12-13 |
| ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਪੰਜਾਬੀਆਂ ਦਾ ਯੋਗਦਾਨ | 14-16 |
| ਆਜ਼ਾਦੀ ਸੰਗ੍ਰਾਮ ਵਿੱਚ ਸੈਣੀ ਭਾਈਚਾਰੇ ਦਾ ਯੋਗਦਾਨ | 17-20 |
| ਜਸ਼ਨ-ਏ-ਆਜ਼ਾਦੀ | 21-22 |
| ਬੇਟੀਆਂ ਦੀ ਚੜ੍ਹਤ | 22 |
| ਕਵਿਤਾਵਾਂ | 23 |
| ਹੱਡਬੀਤੀ - ਸਿਮਰਨ | 24 |
| Donors of Scholarships 2022-23 | 25-26 |
| New Five Years Members of Saini Sansar | 27 |
| ਭਾਰਤ ਦੇ ਰਾਸ਼ਟਰਪਤੀ - ਕਾਰਗੁਜ਼ਾਰੀ ਅਤੇ ਉਮੀਦਾਂ | 28-30 |
| ਰਾਸ਼ਟਰਮੰਡਲ ਖੇਡਾਂ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ | 31 |
| ਕਹਾਣੀ - ਨਵੀਂ ਮੰਮੀ | 32 |
| ਇੱਕ ਕ੍ਰਿਸ਼ਮਈ ਅੰਕ ਦੀ ਅਜਬ ਦਾਸਤਾਂ | 33 |
| ਲੇਖ- ਬੋਲੋ ਜ਼ਰੂਰ ਪਰ ਸੋਚ ਸਮਝ ਕੇ | 34 |
| ਕਵਿਤਾਵਾਂ | 35 |
| ਪੜ੍ਹਨਯੋਗ ਪੁਸਤਕ - ਸੁਭ ਕਰਮਨ ਤੇ ਕਬਹੂੰ ਨ ਟਰੋਂ | 36 |
| ਸੈਣੀ ਸਮਾਚਾਰ | 37 |
| Matrimonials | 38-44 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |



ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਉਦਾਸ ਪੰਜਾਬ

ਅਜਮੇਰ ਸਿੰਘ (ਡਾ.)
ਰੂਪਨਗਰ

ਪਿਛਲੇ ਕੁੱਝ ਦਹਾਕਿਆਂ ਤੋਂ ਪੰਜਾਬੀ ਨੌਜਵਾਨ ਹਰ ਹੀਲਾ-ਵਸੀਲਾ ਵਰਤ ਕੇ ਆਪਣੀ ਜਨਮ-ਭੋਇੰ ਨੂੰ ਛੱਡ ਕੇ ਵਿਦੇਸ਼ ਜਾਣ ਦੀ ਦੌੜ ਵਿੱਚ ਹੈ। ਉਹ ਉਨ੍ਹਾਂ ਬਗਾਨੇ ਦੇਸ਼ਾਂ ਵਿੱਚ ਦਾਖਲ ਹੋਣ ਲਈ ਹਰ ਸ਼ਰਤ ਪੂਰੀ ਕਰਨ ਲਈ ਤਿਆਰ ਹੈ। ਇਹ ਭਾਵੇਂ ਕੋਈ ਇਮਤਿਹਾਨ ਪਾਸ ਕਰਨ ਦੀ ਹੋਵੇ ਜਾਂ ਬੈਂਕ ਬੈਲੈਂਸ ਦਿਖਾਉਣ ਦੀ। ਹੁਣ ਉਹ ਇਸ ਹੱਦ ਤੱਕ ਪੰਜਾਬ ਛੱਡਣ ਲਈ ਕਾਹਲਾ ਹੈ ਕਿ ਜੇ ਉਥੇ ਕਿਸੇ ਸਿੱਖਿਆ ਸੰਸਥਾ ਵਿੱਚ ਦਾਖਲਾ ਲੈਣ ਲਈ ਜ਼ਰੂਰੀ ਆਈਲਟਸ ਦੇ ਟੈਸਟ ਵਿੱਚੋਂ ਫੇਲ੍ਹ ਹੋ ਜਾਂਦਾ ਹੈ ਤਾਂ ਉਹ ਉਸਦਾਸੀ ਵਿੱਚ ਖੁਦਕੁਸ਼ੀ ਕਰਨ ਤੱਕ ਜਾਂਦਾ ਹੈ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 2016 ਤੋਂ 2021 ਦੌਰਾਨ ਪੰਜਾਬ ਅਤੇ ਚੰਡੀਗੜ੍ਹ ਤੋਂ 9.84 ਲੱਖ ਲੋਕਾਂ ਨੇ ਪਰਵਾਸ ਕੀਤਾ ਹੈ ਜਿਨ੍ਹਾਂ ਵਿੱਚੋਂ 3.73 ਲੱਖ ਵਿਦਿਆਰਥੀ ਸਨ। 2020 ਵਿੱਚ ਜਦੋਂ ਸਾਰੀ ਦੁਨੀਆਂ ਕਰੋਨਾ ਤੋਂ ਭੈਭੀਤ ਹੋ ਕੇ ਅੰਦਰ ਵੜ ਗਈ ਸੀ ਉਦੋਂ ਵੀ 38000 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ਾਂ ਵਿੱਚ ਗਏ। ਇਹ ਦੌੜ ਇੰਨੀ ਤੇਜ਼ ਹੈ ਕਿ ਸਾਲ 2021 ਵਿੱਚ ਇਹ ਗਿਣਤੀ ਬਹੁਤ ਵਧ ਗਈ ਅਤੇ ਅੰਦਾਜ਼ਾ ਹੈ ਕਿ 2022 ਵਿੱਚ ਇਹ ਚਾਰ ਗੁਣਾਂ ਤੋਂ ਵੀ ਟੱਪ ਜਾਵੇਗੀ। ਅਸਲੀਅਤ ਇਹ ਹੈ ਕਿ ਸਾਡੇ ਦੇਸ਼ ਵਿੱਚ ਸਿੱਖਿਆ ਸੰਸਥਾਵਾਂ ਦੀ ਘਾਟ ਨਹੀਂ, ਇਹ ਨੌਜਵਾਨ ਤਾਂ ਆਪਣੇ ਭਵਿੱਖ ਪ੍ਰਤਿ ਚਿੰਤਤ ਰੁਜ਼ਗਾਰ ਹਿਤ ਦੂਜੇ ਦੇਸ਼ਾਂ ਵਿੱਚ ਜਾ ਕੇ ਵਸਣ ਲਈ ਹੱਥ ਪੱਲਾ ਮਾਰਦੇ ਹਨ। ਕਈ ਨੌਜਵਾਨਾਂ ਨੂੰ ਪਰਵਾਸ ਦੀ ਕੋਸ਼ਿਸ਼ ਦੌਰਾਨ ਅਕਹਿ ਦੁੱਖ ਸਹਿਣੇ ਪੈ ਰਹੇ ਹਨ। ਇਹ ਨਿਰਾਸ਼ਾਜਨਕ ਵਰਤਾਰਾ ਪੰਜਾਬ ਦੀ ਬੇਚੈਨ ਆਤਮਾ ਦਾ ਚਿਨ੍ਹ ਹੈ।

ਉਂਜ ਪਰਵਾਸ ਮਨੁੱਖ ਲਈ ਕੋਈ ਨਵਾਂ ਵਰਤਾਰ ਨਹੀਂ। ਉਹ ਮੁੱਢ-ਕਦੀਮ ਤੋਂ ਪਰਵਾਸ ਕਰਦਾ ਆਇਆ ਹੈ।ਇਹ ਤਾਂ ਉਸ ਦੀ ਹੋਣੀ ਹੈ। ਕਰੀਬ 5000 ਕੁ ਸਾਲ ਪਹਿਲਾਂ ਭਾਰਤ ਵਿੱਚ ਪੱਛਮੀ ਏਸ਼ੀਆ ਦੇ ਦੇਸ਼ਾਂ ਤੋਂ ਆਰੀਅਨ ਲੋਕ ਆ ਕੇ ਵਸੇ ਅਤੇ ਇਹ ਪਰਵਾਸ 16ਵੀਂ, 17ਵੀਂ ਸਦੀ ਤੱਕ ਜਾਰੀ ਰਿਹਾ। ਵਿਸ਼ਵ ਵਿੱਚ 1850 ਤੋਂ 1914 ਤੱਕ "ਮਹਾਂ ਪਰਵਾਸ" ਹੋਇਆ ਜਿਸ ਦੌਰਾਨ ਲੱਖਾਂ ਯੂਰਪੀਅਨ ਲੋਕਾਂ ਨੇ ਸਵੈਇੱਛਾ ਨਾਲ ਅਮਰੀਕੀ ਮਹਾਂਦੀਪ ਵਿੱਚ ਪਰਵਾਸ ਕੀਤਾ। ਕਈ ਸਦੀਆਂ ਤੱਕ ਅਫ਼ਰੀਕਨ ਦੇਸ਼ਾਂ ਤੋਂ ਹਜ਼ਾਰਾਂ ਲੋਕਾਂ ਨੂੰ ਗੁਲਾਮ ਬਣਾ ਕੇ ਅਮਰੀਕਾ ਵਿੱਚ ਜ਼ਬਰਦਸਤੀ ਲਿਜਾਇਆ ਜਾਂਦਾ ਰਿਹਾ। ਉਨੀਵੀਂ ਸਦੀ ਦੇ ਦੂਜੇ ਅੱਧ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਅੰਗਰੇਜ਼ੀ ਹਕੂਮਤ ਦੀਆਂ ਫੌਜਾਂ ਵਿੱਚ ਭਰਤੀ ਹੋ ਕੇ ਦੂਰ-ਦੁਰਾਡੇ ਦੇਸ਼ਾਂ ਵਿੱਚ ਗਏ। ਇਸ ਨਾਲ ਪੰਜਾਬੀਆਂ ਦੇ ਮਨਾਂ ਵਿੱਚ ਪਰਵਾਸ ਨੇ ਜਨਮ ਲਿਆ। ਉਹ ਚੀਨ, ਮਿਆਂਮਾਰ, ਮਲੇਸ਼ੀਆ, ਸਿੰਘਾਪੁਰ, ਫਿਜ਼ੀ, ਕੀਨੀਆਂ, ਯੁਗੰਡਾ ਵਿੱਚ ਬਿਹਤਰ ਰੁਜ਼ਗਾਰ ਲਈ ਗਏ। ਵੀਹਵੀਂ ਸਦੀ ਵਿੱਚ ਅਮਰੀਕਾ, ਇੰਗਲੈਂਡ, ਕੈਨੇਡਾ ਜਾਣ ਦਾ ਰੁਝਾਨ ਬਣਿਆਂ। ਹੁਣ ਇਸ ਦੌੜ ਦੀ ਮੰਜ਼ਲ ਵਿੱਚ ਅਸਟਰੇਲੀਆ ਅਤੇ ਨਿਊਜ਼ੀਲੈਂਡ ਸ਼ਾਮਿਲ ਹੋ ਗਏ ਹਨ। ਪੰਜਾਬੀਆਂ ਨੂੰ ਤਾਂ 1947 ਵਿੱਚ ਭਾਰਤ ਨੂੰ ਅਜ਼ਾਦੀ ਮਿਲਣ ਸਮੇਂ ਆਪਣੇ ਘਰਾਂ ਨੂੰ ਛੱਡ ਕੇ ਬਿਗਾਨੇ ਸਥਾਨਾਂ 'ਤੇ ਜਾ ਕੇ ਵਸਣ ਦਾ ਸੰਤਾਪ ਵੀ ਝੱਲਣਾ ਪਿਆ। ਹੁਣ ਤਾਂ ਦੁਨੀਆਂ ਦਾ ਕੋਈ ਵੀ ਕੋਨਾ ਪੰਜਾਬੀਆਂ ਲਈ ਅਜਨਬੀ ਨਹੀਂ।

ਕਮਾਈ ਜਾਂ ਪੜ੍ਹਾਈ ਲਈ ਵਿਦੇਸ਼ ਜਾਣਾ ਮਾੜਾ ਨਹੀਂ ਪਰ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਰਹਿ ਜਾਣਾ ਚੰਗਾ ਨਹੀਂ। ਪਹਿਲਾਂ ਇਹ ਰੁਝਾਨ ਸੀ ਕਿ ਲੋਕ ਪਰਦੇਸ ਵਿੱਚ ਕਮਾਈ ਕਰ ਕੇ ਤੇ ਵਾਪਿਸ ਆ ਕੇ ਆਪਣੇ ਵਤਨ ਵਿੱਚ ਜ਼ਮੀਨਾਂ-ਜਾਇਦਾਦਾਂ ਖਰੀਦ ਕੇ ਅਗਲੇ ਪਿਛਲੇ ਸਾਰੇ ਧੋਣੇ ਧੋ ਦਿੰਦੇ ਸਨ। ਬਹੁਤ ਘੱਟ ਲੋਕ ਵਿਦੇਸ਼ੀ ਵਿੱਚ ਪੱਕੇ ਤੌਰ 'ਤੇ ਵਸਦੇ ਸਨ। ਭਾਵੇਂ ਪਰਿਵਰਤਨ ਕੁਦਰਤ ਦਾ ਨਿਯਮ ਹੈ ਪਰ ਤਿੱਖੀ ਚਾਲ ਨਾਲ ਆਇਆ ਬਦਲਾਅ ਖਤਰਨਾਕ ਹੁੰਦਾ ਹੈ ਜਿਵੇਂ ਸਹਿਜ ਨਾਲ ਵਗਦਾ ਪਾਣੀ ਅਤੇ ਰੁਮਕਦੀ ਹਵਾ ਮਨੁੱਖ ਨੂੰ ਜੀਵਨ ਦਿੰਦੇ ਹਨ ਪਰ ਦੋਵਾਂ ਦੀ ਤੇਜ਼ ਰਫ਼ਤਾਰ ਹੜ੍ਹਾਂ ਅਤੇ ਤੂਫ਼ਾਨ ਦੇ ਰੂਪ ਵਿੱਚ ਤਬਾਹੀ ਮਚਾਉਂਦੀ ਹੈ।

ਹੁਣ ਵੱਡੇ ਪੱਧਰ 'ਤੇ ਹੋ ਰਹੇ ਪਰਵਾਸ ਦਾ ਮੁੱਖ ਕਾਰਨ ਪੰਜਾਬੀ ਬੰਦੇ ਦੇ ਮਨ ਵਿੱਚ ਘਰ ਕਰ ਗਈ ਇਹ ਗੱਲ ਹੈ ਕਿ ਉਸ ਦੇ ਬੱਚਿਆਂ ਦਾ ਭਵਿੱਖ ਪੰਜਾਬ ਵਿੱਚ ਸੁਰੱਖਿਅਤ ਨਹੀਂ ਹੈ। ਉਹ ਇਸ ਦੀ ਭ੍ਰਿਸ਼ਟ ਸਿਆਸੀ ਤੇ ਪ੍ਰਸ਼ਾਸਕੀ ਜਮਾਤ ਤੋਂ ਬੇਉਮੀਦ ਅਤੇ ਪਰੇਸ਼ਾਨ ਹੈ। ਉਸ ਨੂੰ ਯਕੀਨ ਹੋ ਗਿਆ ਹੈ ਕਿ ਇਹ ਤਾਕਤਵਰ ਜਮਾਤਾਂ ਪੰਜਾਬ ਦੇ ਮੁੱਖ ਵਸੀਲਿਆਂ, ਰਾਜਪ੍ਰਬੰਧ, ਵਰਤਮਾਨ ਤੇ ਭਵਿੱਖ 'ਤੇ ਕਾਬਜ਼ ਹੋ ਚੁੱਕੀਆਂ ਹਨ। ਪੰਜਾਬ ਪ੍ਰਤਿ ਇਨ੍ਹਾਂ ਦੀ ਪ੍ਰਤਿਬੱਧਤਾ ਬਹੁਤ ਘੱਟ ਜਾਂ ਨਾ ਹੋਣ ਦੇ ਬਰਾਬਰ ਹੈ। ਇਨ੍ਹਾਂ ਦਾ ਪ੍ਰਮੁੱਖ ਟੀਚਾ ਸੱਤਾ ਤੇ ਧਨ ਬਟੋਰਨਾ ਹੈ। ਰਿਸ਼ਵਤਖੋਰੀ ਦਾ ਜ਼ਿੰਦਗੀ ਦੇ ਹਰ ਸ਼ੋਹਬੇ ਵਿੱਚ ਘੁਣ ਵਾਂਗੂ ਦਾਖ਼ਲ ਹੋਣਾ ਇਨ੍ਹਾਂ ਜਮਾਤਾਂ ਦੀ ਦੇਣ ਹੈ। ਨਤੀਜੇ ਵਜੋਂ ਆਮ ਲੋਕਾਂ ਦੀ ਆਰਥਿਕ ਹਾਲਤ ਨਿੱਘਰੀ ਹੈ ਪਰ ਇਨ੍ਹਾਂ ਲੁਟੇਰੇ ਹਾਕਮ ਤੇ ਸ਼ਕਤੀਸ਼ਾਲੀ ਲੋਕਾਂ ਦੀ ਆਮਦਨ ਪਿਛਲੇ ਕੁੱਝ ਹੀ ਸਾਲਾਂ ਵਿੱਚ ਕਈ ਗੁਣਾ ਵਧੀ ਹੈ। ਅਜਿਹੇ ਹਾਲਾਤਾਂ ਵਿੱਚ ਆਮ ਲੋਕਾਂ ਦਾ ਆਪਣੇ ਸੂਬੇ ਅਤੇ ਇਸ ਦੇ ਰਾਜ ਪ੍ਰਬੰਧ ਤੋਂ ਬੇਮੁਖ ਹੋਣਾ ਸੁਭਾਵਿਕ ਹੈ। ਇਨ੍ਹਾਂ ਲੋਕਾਂ ਵਿੱਚ ਕਿਸਾਨੀ ਵੀ ਸ਼ਾਮਲ ਹੈ ਜੋ ਆਪਣੇ ਬੱਚਿਆਂ ਦਾ ਭਵਿੱਖ ਪੰਜਾਬ ਤੋਂ ਬਾਹਰ ਦੇਖਦਿਆਂ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਵੇਚ ਕੇ ਅਤੇ ਬੈਂਕਾਂ ਤੋਂ ਕਰਜ਼ਾ ਲੈ ਕੇ ਵੀ ਬਾਹਰ ਭੇਜਣ ਲਈ

ਤਤਪਰ ਹੈ। ਦੁਖਾਂਤ ਇਹ ਹੈ ਕਿ ਕਮਜ਼ੋਰ ਵਿਦਿਅਕ ਢਾਂਚੇ ਕਾਰਨ ਵਿਦਿਆਰਥੀਆਂ ਲਈ ਆਈਲਟਸ ਦਾ ਇਮਤਿਹਾਨ ਪਾਸ ਕਰਨਾ ਵੀ ਇੱਕ ਚੁਣੌਤੀ ਹੈ।

ਪੰਜਾਬ ਦੇ ਲੋਕ ਸੰਘਰਸ਼ਾਂ ਵਿੱਚ ਯਕੀਨ ਰਖਦੇ ਹਨ। ਉਨ੍ਹਾਂ ਨੇ ਸੂਬੇ ਦੀ ਤਰੱਕੀ ਲਈ ਜੋ ਕੁੱਝ ਕਰ ਸਕਦਾ ਸੀ, ਕੀਤਾ। ਉਨ੍ਹਾਂ ਨੇ ਇੱਕ ਧੱਕੜ ਅਤੇ ਤਾਨਾਸ਼ਾਹ ਸਰਕਾਰ ਵਿਰੁਧ ਕਿਸਾਨੀ ਅੰਦੋਲਨ ਕਰਕੇ ਬੇਮਿਸਾਲ ਏਕਤਾ ਤੇ ਸਹਿਨਸ਼ੀਲਤਾ ਦਿਖਾਈ ਜਿਸ ਸਦਕਾ ਮਾਣਮੱਤੀ ਸਫ਼ਲਤਾ ਹਾਸਲ ਕੀਤੀ। ਸੂਬਾਈ ਚੋਣਾਂ ਸਮੇਂ ਰਵਾਇਤੀ ਰਾਜਨੀਤਿਕ ਪਾਰਟੀਆਂ ਨੂੰ ਅਜਿਹੀ ਭਾਂਜ ਦਿੱਤੀ ਜਿਸ ਦਾ ਉਨ੍ਹਾਂ ਨੇ ਕਦੇ ਸੁਫ਼ਨਾ ਵੀ ਨਹੀ ਲਿਆ ਹੋਣਾ ਪਰ ਉਹ ਆਪਣੇ ਸੂਬੇ ਦੇ ਰਾਜ-ਪ੍ਰਬੰਧ ਸਾਹਮਣੇ ਨਿਤਾਣਾ ਤੇ ਹੀਣਾ ਹੋਇਆ ਖੜ੍ਹਾ ਹੈ। ਪੰਜਾਬੀ ਮਿਹਨਤ ਤੇ ਸਿਰੜ ਨਾਲ ਆਪਣੀਆਂ ਆਸਾਂ-ਉਮੀਦਾਂ ਦਾ ਸੰਸਾਰ ਸਿਰਜਦਾ ਹੈ। ਉਹ ਸਵੈਮਾਣ ਨਾਲ ਜੀਣ ਦੀ ਤਮੰਨਾ ਰਖਦਾ ਹੈ। ਉਸ ਨੇ ਕੈਨੇਡਾ ਤੇ ਇੰਗਲੈਂਡ ਵਿੱਚ ਜਾ ਕੇ ਆਪਣੇ ਭਵਿੱਖ ਨੂੰ ਮਜ਼ਬੂਤ ਤੇ ਅਰਥਭਰਪੂਰ ਬਣਾਇਆ ਹੈ।

ਪੰਜਾਬੀ ਇੱਕ ਪਾਸੇ ਰੁਜ਼ਗਾਰ ਲਈ ਕੈਨੇਡਾ ਅਤੇ ਹੋਰ ਵਿਦੇਸ਼ੀ ਧਰਤੀਆਂ 'ਤੇ ਜਾ ਕੇ ਸਹੂਲਤਾਂ ਭੋਗ ਰਿਹਾ ਹੈ ਦੂਜੇ ਪਾਸੇ ਉਹ ਆਪਣੀ ਧਰਤੀ ਨਾਲ ਜੁੜੇ ਰਹਿਣ ਲਈ ਤੜਪ ਰਿਹਾ ਹੈ। ਇਕ ਪਾਸੇ ਆਰਥਿਕਤਾ ਦੀ ਮਜ਼ਬੂਰੀ ਹੈ, ਦੂਸਰੇ ਪਾਸੇ ਉਹ ਸੱਭਿਆਚਾਰ, ਸਮਾਜਿਕ ਅਤੇ ਭਾਵਨਾਤਮਕ ਪੱਖਾਂ ਤੋਂ ਆਪਣੀ ਧਰਤੀ ਦੇ ਮੋਹ 'ਚ ਜਕੜਿਆ ਹੋਇਆ ਹੈ। ਉਹ ਬੇਚੈਨ ਹੈ, ਉਸ ਦੀ ਆਤਮਾ ਕੁਰਲਾ ਰਹੀ ਹੈ ਪਰ ਉਹ ਆਪਣੀ ਭੋਇੰ ਛੱਡਣ ਲਈ ਮਜ਼ਬੂਰ ਹੈ। ਉਹ ਆਪਣੇ ਆਪ ਨਾਲ ਜ਼ੁਲਮ ਕਰ ਰਿਹਾ ਹੈ। ਉਸ ਦਾ ਸਰੀਰ ਬੇਗਾਨੇ ਦੇਸ਼ ਵਿੱਚ ਰਹਿੰਦਾ ਹੈ ਪਰ ਉਸ ਦੀ ਰੂਹ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੀਆਂ ਜੂਹਾਂ ਵਿੱਚ ਭਟਕਦੀ ਹੈ। ਆਪਣੀ ਜਨਮ-ਭੂਮੀ ਦੇ ਮੋਹ ਵਿੱਚ ਗ੍ਰਸਿਆ ਉਹ ਇੱਕ ਵੰਡੀ ਹੋਈ ਜ਼ਿੰਦਗੀ ਜਿਉਂਦਾ ਹੈ। ਉਹ ਸਮਝਦਾ ਹੈ ਕਿ ਇਹ ਉਸ ਦੀ ਹੋਣੀ ਹੈ। ਰੁਜ਼ਗਾਰ ਪ੍ਰਾਪਤ ਕਰਨ ਅਤੇ ਸਿਰ ਉੱਚਾ ਕਰ ਕੇ ਮਾਣ-ਸਨਮਾਨ ਭਰਪੂਰ ਜ਼ਿੰਦਗੀ ਜਿਊਣ ਲਈ ਪੰਜਾਬ ਨੂੰ ਤਿਆਗਣਾ ਜ਼ਰੂਰੀ ਹੋ ਗਿਆ ਹੈ। ਇਸ ਪਰਵਾਸ ਨਾਲ ਜਿੱਥੇ ਪੰਜਾਬ ਵਿੱਚੋਂ ਥੋਕ ਪੱਧਰ 'ਤੇ ਬੌਧਿਕ ਤੇ ਵਿਤੀ ਨਿਕਾਸ ਹੋ ਰਿਹਾ ਹੈ ਉੱਥੇ ਕਈ ਸਮਾਜਿਕ ਤੇ ਮਾਨਸਿਕ ਸਮੱਸਿਆਂ ਵੀ ਪੈਦਾ ਹੋ ਰਹੀਆਂ ਹਨ। ਪਿੰਡ ਉਜੜ ਰਹੇ ਹਨ, ਜ਼ਮੀਨਾਂ ਵਿਕ ਰਹੀਆਂ ਹਨ ਜਾਂ ਲਾਵਾਰਸ ਹੋ ਰਹੀਆਂ ਹਨ। ਪਰਵਾਸੀ ਨੌਜਵਾਨਾਂ ਦੇ ਮਾਂਬਾਪ ਬਜ਼ੁਰਗ ਹੋ ਕੇ ਇੱਕਲਤਾ ਭੋਗ ਰਹੇ ਹਨ। ਉਹ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰ ਰਹੇ ਹਨ। ਪੰਜਾਬੀਅਤ ਦੀ ਭਾਵਨਾ ਖਤਮ ਹੋ ਰਹੀ ਹੈ। ਭਾਈਚਾਰਕ ਸਾਂਝ ਟੁੱਟ ਰਹੀ ਹੈ।

ਪੰਜਾਬ ਖਾਲੀ ਹੋ ਰਿਹਾ ਹੈ, ਮਾਪੇ ਬੇਵਸ ਹਨ ਤੇ ਸਰਕਾਰਾਂ ਚੁੱਪ ਹਨ। ਇਹ ਚੁੱਪ ਕਿਸੇ ਛੁਪੀ ਸਾਜ਼ਿਸ਼ ਵਰਗੀ ਹੈ। ਜਾਪਦਾ ਹੈ ਸਰਕਾਰ ਚਾਹੁੰਦੀ ਹੈ ਕਿ ਪੰਜਾਬੀਆਂ ਦੇ ਖਾਲੀ ਹੋ ਰਹੇ ਘਰ ਵੀ ਕਾਰਪੋਰੇਟ ਘਰਾਣੇ ਸਾਂਭ ਲੈਣ। ਬਜ਼ੁਰਗਾਂ ਦੇ ਅੰਦਰੋਂ ਉੱਠ ਰਹੀ ਦਰਦਭਰੀ ਬੋਲ ਸਰਕਾਰਾਂ ਨੂੰ ਸੁਣਾਈ ਨਹੀਂ ਦੇ ਰਹੇ। ਕਲਯੁਗ ਵਿੱਚ ਕਿਸੇ ਅਵਤਾਰ ਪ੍ਰਗਟ ਹੋ ਕੇ ਪੰਜਾਬ ਨੂੰ ਨਹੀਂ ਬਚਾਉਣਾ। ਇਹ ਅਵਤਾਰਾਂ ਦੀ ਨਹੀਂ, ਸਰਕਾਰਾਂ ਦਾ ਯੁੱਗ ਹੈ।

ਮਜ਼ਬੂਰਵਸ ਹੋ ਰਹੇ ਇਸ ਪਰਵਾਸ ਨੂੰ ਤੁਰੰਤ ਠੱਲ੍ਹ ਪਾਉਣ ਦੀ ਜ਼ਰੂਰਤ ਹੈ। ਇਸ ਮੰਤਵ ਲਈ ਸਰਕਾਰ ਨੂੰ ਅਜਿਹੀ ਵਿਉਂਤਬੰਦੀ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਰੁਜ਼ਗਾਰ ਦੇ ਵਸੀਲੇ ਪੈਦਾ ਹੋ ਸਕਣ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਆਧੁਨਿਕ ਸਮੇਂ ਵਿੱਚ ਮਸ਼ੀਨਰੀ ਦੀ ਵਰਤੋਂ ਕਰ ਕੇ ਕਿਸਾਨ ਜਲਦੀ ਵਿਹਲਾ ਹੋ ਜਾਂਦਾ ਹੈ। ਨਿਰੋਲ ਖੇਤੀ ਦਾ ਧੰਦਾ ਇੰਨਾਂ ਮੁਨਾਫ਼ਾ ਦੇਣ ਦੇ ਸਮਰੱਥ ਨਹੀਂ ਜਿਸ ਨਾਲ ਅੱਜ ਦੀ ਨੌਜਵਾਨ ਪੀੜ੍ਹੀ ਦੀਆਂ ਲੋੜਾਂ ਪੂਰੀਆਂ ਹੋ ਸਕਣ। ਉਹ ਕੰਮ ਕਰਨਾ ਚਾਹੁੰਦਾ ਹੈ ਪਰ ਕੰਮ ਮਿਲਦਾ ਨਹੀਂ। ਵਿਕਸਿਤ ਦੇਸ਼ਾਂ ਨੇ ਖੇਤੀ ਦੇ ਨਾਲ ਜੁੜਵੀਆਂ ਉਦਯੋਗਿਕ ਇਕਾਈਆਂ ਸਥਾਪਿਤ ਕੀਤੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਕਿਸਾਨ ਆਪਣੇ ਵਿਹਲੇ ਸਮੇਂ ਕੰਮ ਕਰ ਕੇ ਕਮਾਈ ਕਰਦੇ ਹਨ। ਇਸ ਨਾਲ ਉੱਥੇ ਬੇਰੁਜ਼ਗਾਰੀ ਨਹੀਂ ਹੈ। ਪੰਜਾਬ ਅਜੇ ਤੱਕ ਇਹ ਵਿਵਸਥਾ ਨਹੀਂ ਕਰ ਸਕਿਆ। ਇਸ ਨਾਲ ਇੱਥੇ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਹੈ। ਇਸ ਲਈ ਪੰਜਾਬ ਦੀ ਸਿਆਸੀ ਜਮਾਤ ਨੂੰ ਬਹੁਤ ਸੁਹਿਰਦਤਾ ਨਾਲ ਇਸ ਗੰਭੀਰ ਸੰਕਟ ਬਾਰੇ ਸੋਚਣ ਦੀ ਜ਼ਰੂਰਤ ਹੈ। ਸਰਕਾਰ ਨੂੰ ਅਜਿਹੀ ਵਿਉਂਤਬੰਦੀ ਕਰਨੀ ਪਏਗੀ ਜਿਸ ਨਾਲ ਪੰਜਾਬੀ ਬੰਦੇ ਦਾ ਭਵਿੱਖ ਵਿੱਚ ਯਕੀਨ ਬੱਝ ਸਕੇ।

ਲੋਕਾਂ ਨੇ ਆਮ ਆਦਮੀ ਪਾਰਟੀ ਵਿੱਚ ਭਰੋਸਾ ਪ੍ਰਗਟ ਕਰਕੇ ਉਸ ਨੂੰ ਧਮਾਕੇਦਾਰ ਬਹੁਮਤ ਦਿੱਤਾ ਹੈ। ਹੁਣ ਗੇਂਦ ਇਸ ਸਰਕਾਰ ਦੇ ਮੈਦਾਨ ਵਿੱਚ ਹੈ। ਵਰਤਮਾਨ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਮੁਫਤ ਦੀਆਂ ਸਹੂਲਤਾਂ ਦੇ ਕੇ ਨਿਕੰਮੇ ਕਰਨ ਦੀ ਬਿਜਾਏ ਉਨ੍ਹਾਂ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰੇ। ਲੋੜ ਹੈ ਕਿ ਪੰਜਾਬ ਨੂੰ 263265 ਕਰੋੜ ਦੇ ਕਰਜ਼ੇ ਤੋਂ ਨਿਜ਼ਾਤ ਦਿਵਾ ਕੇ ਸੂਬੇ ਨੂੰ ਤਰੱਕੀ ਦੇ ਰਾਹ 'ਤੇ ਪਾਉਣ ਦੀ। ਇਹ ਕੰਮ ਸਿਰਫ਼ ਲਾਰੇ-ਲੱਪੇ ਲਾਉਣ ਜਾਂ ਲੁਭਾਣੇ ਵਾਇਦੇ ਕਰਨ ਨਾਲ ਨਹੀਂ ਹੋਣਾ। ਇਸ ਦੇ ਲਈ ਸਰਕਾਰੀ ਪ੍ਰਬੰਧਕੀ ਢਾਂਚੇ ਵਿੱਚ ਫੈਲੇ ਭ੍ਰਿਸ਼ਟਾਚਾਰ ਤੇ ਨਿਕੰਮਪੁਣੇ ਨੂੰ ਦੂਰ ਕਰਨ ਲਈ ਠੋਸ ਫ਼ੈਸਲੇ ਲੈਣੇ ਜ਼ਰੂਰੀ ਹਨ। ਇਹ ਭਾਵੇਂ ਜਟਿਲ ਅਤੇ ਮੁਸ਼ਕਲਾਂਭਰਿਆ ਕਾਰਜ ਹੈ ਪਰ ਸਿਆਸੀ ਇੱਛਾਸ਼ਕਤੀ ਤੇ ਦਿਆਨਤਦਾਰੀ ਨਾਲ ਅਸੰਭਵ ਨਹੀਂ ਹੈ। ਇਸ ਨਾਲ ਹੀ ਪੰਜਾਬ ਨੂੰ ਉਦਾਸੀ ਦੇ ਆਲਮ ਵਿੱਚੋਂ ਕੱਢਿਆ ਜਾ ਸਕਦਾ ਹੈ।

❊ ❊ ❊ ❊ ❊

ਜੁਲਾਈ – ਸਤੰਬਰ 2022 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਖ਼ੂਨਦਾਨ ਕੈਂਪ –** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 3 ਜੁਲਾਈ 2022 ਨੂੰ ਸੈਣੀ ਭਵਨ ਵਿਖੇ ਸਮਾਜ ਭਲਾਈ ਦੇ ਪ੍ਰੋਗਰਾਮ ਤਹਿਤ 18ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰੀਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਵੱਲੋਂ ਡਾ. ਮੁਨੀਸ਼ ਰਾਏ ਦੀ ਅਗਵਾਈ ਤਹਿਤ ਕੈਂਪ ਵਿੱਚ ਪਹੁੰਚੇ 74 ਡੋਨਰਜ਼ ਵਿੱਚੋ ਯੋਗ ਪਾਏ ਗਏ 54 ਵਿਅਕਤੀਆਂ ਦਾ ਖ਼ੂਨ ਇਕੱਤਰ ਕੀਤਾ ਗਿਆ। ਕੈਂਪ ਦਾ ਉਦਘਾਟਨ ਰੂਪਨਗਰ ਜ਼ਿਲ੍ਹੇ ਦੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਹਰਜੋਤ ਕੌਰ ਪੀ.ਸੀ.ਐਸ ਵਲੋਂ ਕੀਤਾ ਗਿਆ। ਇਸ ਕੈਂਪ ਨੂੰ ਸਫਲ ਬਣਾਉਣ ਲਈ ਇੰਨਰਵੀਲ ਕਲੱਬ ਰੂਪਨਗਰ, ਰਜਨੀ ਹਰਬਲਜ਼ ਮਲਿਕਪੁਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਅਤੇ ਗੁਰੂ ਨਾਨਕ ਕਰਿਆਣਾ ਸਟੋਰ ਪਪਰਾਲਾ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਤੇ ਬੋਲਦਿਆਂ ਮੁੱਖ ਮਹਿਮਾਨ ਨੇ ਸੈਣੀ ਭਵਨ ਦੀ ਸੰਸਥਾ ਵਲੋਂ ਅਰੰਭੇ ਸਮਾਜ ਭਲਾਈ ਦੇ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਸਮਾਜਸੇਵੀ ਸੰਸਥਾਵਾਂ ਲੋਕ ਭਲਾਈ ਦੇ ਕਾਰਜਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆ ਹਨ। ਇਸ ਮੌਕੇ 'ਤੇ ਬਲੱਡ ਡੋਨਰਜ਼ ਅਤੇ ਕੈਂਪ ਨੂੰ ਸਫ਼ਲ ਬਣਾਉਣ ਵਾਲੇ ਸਹਿਯੋਗੀਆਂ ਦਾ ਸੰਸਥਾ ਵੱਲੋਂ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸੈਣੀ ਭਵਨ ਦੀ ਸਮਾਜ ਭਲਾਈ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਮੁੱਖ ਮਹਿਮਾਨ ਅਤੇ ਆਏ ਪਤਵੰਤੇ ਵਿਅਕਤੀਆਂ ਦਾ ਸਵਾਗਤ ਕੀਤਾ। ਕੈਂਪ ਦੌਰਾਨ ਚਾਰ ਮਹਿਲਾਵਾਂ ਅਮਨਦੀਪ ਕੌਰ, ਜਸਮੀਨ ਕੌਰ, ਕੰਵਲਦੀਪ ਕੋਰ ਤੇ ਸਿਮਰਨਪ੍ਰੀਤ ਕੌਰ ਸਮੇਤ ਬਲਜਿੰਦਰ ਸਿੰਘ ਵਲੋਂ 56ਵੀਂ ਵਾਰ, ਸਤਵਿੰਦਰ ਸਿਘ ਵਲੋਂ 48 ਵੀਵਾਰ, ਸੁਰਜੀਤ ਸਿੰਘ ਵਲੋਂ 44ਵੀਂ ਵਾਰ, ਰਾਵਿੰਦਰ ਕੁਮਾਰ ਵਲੋਂ 40ਵੀਂ ਵਾਰ, ਜਗਦੇਵ ਸਿੰਘ ਵਲੋਂ 38ਵੀ ਵਾਰ, ਜਸਪਾਲ ਸਿੰਘ ਵਲੋਂ 33ਵੀਂ ਵਾਰ, ਗੁਰਜੀਤ ਸਿੰਘ ਤੇ ਮਨਜੀਤ ਸਿੰਘ ਵਲੋਂ 30ਵੀ ਵਾਰ, ਜੋਗਿੰਦਰ ਸਿੰਘ, ਰਾਵਿੰਦਰ ਸਿਘ ਤੇ ਨਛਤਰ ਸਿੰਘ ਵੱਲੋਂ 26ਵੀਂ ਵਾਰ, ਵਿਕਰਮਜੀਤ ਸਿੰਘ ਵਲੋਂ 21ਵੀ ਵਾਰ ਅਤੇ ਜਗਦੀਪ ਸਿੰਘ ਤੇ ਚਰਨਦੀਪ ਸਿੰਘ ਵਲੋਂ 20ਵੀਂ ਵਾਰ ਖ਼ੂਨਦਾਨ ਕੀਤਾ ਗਿਆ। ਕੈਂਪ ਨੂੰ ਸਫਲ ਬਣਾਉਣ ਲਈ ਬਲੱਡ ਡੋਨਰ ਕੰਵਲਜੀਤ ਸਿੰਘ ਬਾਬਾ, ਦਲਜੀਤ ਸਿੰਘ, ਜਗਦੇਵ ਸਿੰਘ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਇਸ ਮੌਕੇ ਇੰਨਰਵੀਲ੍ਹ ਕਲੱਬ ਰੂਪਨਗਰ ਦੀ ਪ੍ਰਧਾਨ ਮੀਨਲ ਵਾਸੂਦੇਵਾ, ਕੁਲਵਿੰਦਰ ਕੌਰ, ਕੁਸਮ ਸ਼ਰਮਾ, ਮਨਦੀਪ ਕੌਰ, ਆਸਮਾ ਅਗਰਵਾਲ, ਉਸ਼ਾ ਭਾਟੀਆ,ਰਾਵਿੰਦਰ ਕੌਰ, ਬਲਵਿੰਦਰ ਕੌਰ, ਇੰਜ. ਅਮਰੀਕ ਸਿੰਘ, ਕਰਨੈਲ ਸਿਘ ਤੰਬੜ, ਐਡਵੋਕੇਟ ਹਰਸਿਮਰਨ ਸਿੰਘ ਸਿੱਟਾ, ਇੰਜ. ਕਰਨੈਲ ਸਿੰਘ ਪ੍ਰਧਾਨ ਸੀਨੀਅਰ ਸਿਟੀਜ਼ਨਜ਼ ਕੌਂਸਲ, ਸੁਖਵਿੰਦਰ ਸਿੰਘ ਮੋਹਾਲੀ, ਦਰਸ਼ਨ ਸਿੰਘ ਕੋਚ, ਕੁਲਦੀਪ ਸਿੰਘ ਗੋਲੀਆ, ਬਲਬੀਰ ਸਿੰਘ ਸੈਣੀ, ਗੁਰਮੁੱਖ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਲੌਂਗੀਆ, ਰਾਮ ਸਿੰਘ ਸੈਣੀ, ਅਮਰਜੀਤ ਸਿੰਘ, ਅਜੀਤ ਸਿੰਘ, ਰਾਜੀਵ ਸੈਣੀ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਹਰਜੀਤ ਸਿੰਘ ਗਿਰਨ, ਹਰਦੀਪ ਸਿੰਘ, ਸੁਰਿੰਦਰ ਸਿੰਘ, ਜ਼ਿਲ੍ਹਾ ਅਤੇ ਸਾਂਝ ਕੇਂਦਰ ਦੇ ਨੁਮਾਇੰਦੇ ਹਾਜ਼ਰ ਸਨ।

**ਮੈਗਜ਼ੀਨ ''ਸੈਣੀ ਸੰਸਾਰ'' ਦਾ ਲੋਕ ਅਰਪਣ**– ਕਾਕਾ ਰਾਮ ਸੈਣੀ ਚੈਰੀਟਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 45ਵਾਂ ਅੰਕ 3 ਜੁਲਾਈ, 2022 ਨੂੰ ਸੈਣੀ ਭਵਨ ਵਿਖੇ ਲੋਕ ਅਰਪਣ ਕੀਤਾ ਗਿਆ। ਇਸ ਨੂੰ ਲੋਕ ਅਰਪਣ ਕਰਨ ਦੀ ਰਸਮ ਰੂਪਨਗਰ ਸ਼ਹਿਰ ਦੇ ਉੱਘੇ ਸਮਾਜ ਸੇਵਕ ਅਤੇ ਜੇ. ਆਰ. ਰਿਟਜ਼ ਮਲਟੀਪਲੈਕਸ ਦੇ ਮਾਲਿਕ ਸ਼੍ਰੀ ਰਾਮੇਸ਼ ਗੋਇਲ ਵੱਲੋਂ ਕੀਤਾ ਗਿਆ। ਉਨ੍ਹਾਂ ਇਸ ਮੌਕੇ 'ਤੇ ਬੋਲਦਿਆਂ ਕਿਹਾ ਕਿ ਸੈਣੀ ਭਵਨ ਸੰਸਥਾ ਦੀ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਹੈ। ਜਿਸ ਲਈ ਸੰਸਥਾ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਉਨ੍ਹਾਂ ਇਸ ਮੌਕੇ ਸੈਣੀ ਭਵਨ ਦੀ ਸੰਸਥਾ ਨੂੰ 5100/– ਰੁਪਏ ਦੀ ਮਾਲੀ ਮਦਦ ਕਰਨ ਅਤੇ ਹਰ ਸਾਲ ਇੱਕ ਸਿਲਾਈ ਮਸ਼ੀਨ ਭੇਟ ਕਰਨ ਦੀ ਘੋਸ਼ਣਾ ਕੀਤੀ। ਇਸ ਮੌਕੇ ਬੋਲਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ ਨੇ ਕਿਹਾ ਕਿ ਸੈਣੀ ਭਵਨ ਦੀ ਸੰਸਥਾ ਸਮਾਜ ਸੇਵਾ ਕਰਨ ਵਾਲਿਆਂ ਲਈ ਮਾਰਗ ਦਰਸ਼ਕ ਦਾ ਕੰਮ ਕਰ ਰਹੀ ਹੈ। ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸ਼੍ਰੀ ਰਮੇਸ਼ ਗੋਇਲ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸੰਸਥਾ ਬਗੈਰ ਕਿਸੇ ਵਿਤਕਰੇ ਦੇ ਸਮਾਜ ਸੇਵਾ ਨੂੰ ਸਮਰਪਿਤ ਹੈ। ਉਨ੍ਹਾਂ ਸੰਸਥਾ ਦੇ ਕੰਮਾਂ ਬਾਰੇ ਵੀ ਦੱਸਿਆ। ਸਮਾਗਮ ਨੂੰ ਸੰਸਥਾ ਦੇ ਸਕੱਤਰ ਬਲਬੀਰ ਸਿੰਘ, ਟਰੱਸਟੀ ਰਾਮ ਸਿੰਘ ਸੈਣੀ, ਪੀਆਰਓ ਰਾਜਿੰਦਰ ਸੈਣੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੰਸਥਾ ਦੇ ਟਰੱਸਟੀ, ਗੁਰਮੁੱਖ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਲੌਂਗੀਆ, ਅਮਰਜੀਤ ਸਿੰਘ, ਅਜੀਤ ਸਿੰਘ, ਰਾਜੀਵ ਸੈਣੀ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਬਹਾਦਰਜੀਤ ਸਿੰਘ ਤੋਂ ਇਲਾਵਾ ਪ੍ਰਬੰਧਕੀ ਕਮੇਟੀ ਮੈਂਬਰ ਹਰਜੀਤ ਸਿੰਘ ਗਿਰਨ,

ਹਰਦੀਪ ਸਿੰਘ, ਸੁਰਿੰਦਰ ਸਿੰਘ ਅਤੇ ਕਰਨੈਲ ਸਿਘ ਤੰਬੜ, ਐਡਵੋਕੇਟ ਹਰਸਿਮਰਨ ਸਿੰਘ ਸਿੱਟਾ, ਇੰਜ. ਕਰਨੈਲ ਸਿੰਘ ਪ੍ਰਧਾਨ ਸੀਨੀਅਰ ਸਿਟੀਜ਼ਨਜ਼, ਸੁਖਵਿੰਦਰ ਸਿੰਘ ਮੋਹਾਲੀ, ਦਰਸ਼ਨ ਸਿੰਘ ਕੋਚ, ਕੁਲਦੀਪ ਸਿੰਘ ਗੋਲੀਆ ਆਦਿ ਹਾਜ਼ਰ ਸਨ।

**ਤੀਆਂ ਦਾ ਤਿਉਹਾਰ ਮਨਾਇਆ–** ਸੈਣੀ ਭਵਨ ਵਿਖੇ 27 ਜੁਲਾਈ, 2022 ਨੂੰ ਸੰਸਥਾ ਦੀਆਂ ਸਿੱਖਿਆਰਥਣਾਂ ਵਲੋਂ ਇੰਨਰਵੀਲ੍ਹ ਕਲੱਬ ਰੂਪਨਗਰ ਦੀਆਂ ਮੈਂਬਰਾਂ ਨਾਲ ਮਿਲ ਕੇ ਸਾਉਣ ਦੀਆਂ ਤੀਆਂ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਸਿੱਖਿਆਰਥਣਾਂ ਨੇ ਸੁੰਦਰ ਪਹਿਰਾਵੇ 'ਚ ਸੱਜ ਧੱਜ ਕੇ ਸ਼ਿਰਕਤ ਕੀਤੀ ਅਤੇ ਆਈਆਂ ਮਹਿਮਾਨ ਮਹਿਲਾਵਾਂ ਨਾਲ ਆਪਣੀ ਖੁਸ਼ੀ ਦਾ ਖੁਲ੍ਹ ਕੇ ਨੱਚ ਟੱਪ ਕੇ ਇਜ਼ਹਾਰ ਕੀਤਾ। ਸਿੱਖਿਆਰਥਣਾਂ ਨੇ ਵੱਖ ਵੱਖ ਤਰਾਂ ਦੇ ਗੀਤਾਂ ਤੇ ਆਪਣੇ ਫੰਨ ਦੇ ਰੰਗ ਵੀ ਬਖੇਰੇ। ਸਰਦਾਨੀ ਗੁਰਮੀਤ ਕੌਰ ਸੈਣੀ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਸ਼੍ਰੀ ਸੰਜੇ ਵਰਮਾ, ਐਮ. ਸੀ. ਜਸਵਿੰਦਰ ਕੌਰ, ਐਮ. ਸੀ. ਨੀਰੂ ਗੁਪਤਾ ਨੇ ਵੀ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਇੰਨਰਵੀਲ੍ਹ ਕਲੱਬ ਵਲੋਂ ਇਸ ਮੌਕੇ ਬਲਵਿੰਦਰ ਕੌਰ ਨੇ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਾਵਣ ਦੀਆਂ ਤੀਆਂ ਦਾ ਤਿਉਹਾਰ ਮਨਾਉਣਾ ਅਤੇ ਸਿੱਖਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸੈਣੀ ਭਵਨ ਰੂਪਨਗਰ ਦੀ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਹੈ। ਉਨ੍ਹਾਂ ਕਲੱਬ ਵਲੋਂ ਸੰਸਥਾ ਨੂੰ 2100/- ਰੁਪਏ ਦੀ ਮਦਦ ਅਤੇ ਸਿੱਖਿਆਰਥਣਾਂ ਨੂੰ 1100/- ਰੁਪਏ ਇਨਾਮ ਵਜੋਂ ਦਿੱਤੇ। ਇਸ ਮੌਕੇ ਸੰਸਥਾ ਦੇ ਟਰੱਸਟੀ ਡਾ. ਜਸਵੰਤ ਕੌਰ ਸੈਣੀ ਨੇ ਸਾਉਣ ਦੀਆਂ ਤੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਆਪਣੇ ਵਿਰਸੇ ਨੂੰ ਸੰਭਾਲਣ ਦੀ ਲੋੜ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਾਨੂੰ ਆਪਣੇ ਤਿਉਹਾਰਾਂ ਨੂੰ ਖੁਲ੍ਹਦਿਲੀ ਨਾਲ ਮਨਾਉਣ ਚਾਹੀਦਾ ਹੈ। ਇਸ ਨਾਲ ਸਮਾਜਿਕ ਨੇੜਤਾ ਵਿੱਚ ਵਾਧਾ ਹੁੰਦਾ ਹੈ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ। ਸਮਾਗਮ ਦੇ ਅਰੰਭ ਵਿੱਚ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਿਆ ਤੇ ਤੀਜ ਦੇ ਤਿਉਹਾਰ ਦੀ ਵਧਾਈ ਦਿੱਤੀ। ਸਮਾਗਮ ਮੌਕੇ ਗੁਰਮੀਤ ਕੌਰ ਸੈਣੀ ਨੇ ਸੈਣੀ ਭਵਨ ਦੀ ਸਮਾਜਸੇਵੀ ਸੰਸਥਾ ਨੂੰ 2100/- ਰੁਪਏ, ਨਗਰ ਕੌਂਸਲ ਦੇ ਪ੍ਰਧਾਨ ਸੰਜੇ ਵਰਮਾ ਨੇ 3100/- ਰੁਪਏ, ਐਮ. ਸੀ. ਜਸਵਿੰਦਰ ਕੌਰ ਨੇ 5100/- ਰੁਪਏ, ਸੁਮੀਤਾ ਸੈਣੀ ਨੇ 1000/- ਰੁਪਏ, ਪ੍ਰੋ: ਪ੍ਰਤਿਭਾ ਸੈਣੀ ਅਤੇ ਭਗਵੰਤ ਕੌਰ ਨੇ ਪੰਜ-ਪੰਜ ਸੌ ਰੁਪਏ ਦਾ ਦਾਨ ਕੀਤਾ। ਇਸ ਮੌਕੇ ਰੀਅਲ ਸਟੇਟ ਕਾਰੋਬਾਰੀ ਅਮਰਜੀਤ ਸਿੰਘ, ਇੰਨਰਵੀਲ੍ਹ ਕਲੱਬ ਦੀਆਂ ਅਹੁਦੇਦਾਰ ਮਨਦੀਪ ਦੌਰ, ਤ੍ਰਿਪਤਾ ਚਾਨਣਾ, ਕਿਰਨ ਤ੍ਰਿਪਾਠੀ, ਪ੍ਰਵੇਸ਼ ਜੈਨ, ਨੀਲਮ ਤੋਂ ਇਲਾਵਾ ਸੰਤੋਸ਼ ਸੈਣੀ, ਸਮਿਤਾ ਸੈਣੀ, ਸਾਹਿਤਕਾਰ ਸੁਰਿੰਦਰ ਕੌਰ ਸੈਣੀ, ਰੇਖਾ, ਮਨਮੋਹਨ ਕੌਰ ਅਤੇ ਸੈਣੀ ਭਵਨ ਦੇ ਪ੍ਰਬੰਧਕ ਹਾਜ਼ਰ ਸਨ। ਸਮੁਚੇ ਪ੍ਰੋਗਰਾਮ ਨੂੰ ਤਿਆਰ ਕਰਨ ਲਈ ਸੰਸਥਾ ਦੀਆਂ ਅਧਿਆਪਕਾਵਾਂ ਅੰਜੂ ਅਤੇ ਸਤਵਿੰਦਰ ਕੌਰ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸਿਲਾਈ-ਕਢਾਈ ਦੀਆਂ ਅਧਿਆਪਕਾਵਾਂ ਕਿਰਨ ਅਤੇ ਉਰਮਲਾ ਵੀ ਹਾਜ਼ਰ ਸਨ।

**ਮਾਸਿਕ ਮੀਟਿੰਗਾਂ–** ਇਨ੍ਹਾਂ ਮਹੀਨਿਆਂ ਦੌਰਾਨ ਹਰ ਮਹੀਨੇ ਟਰੱਸਟੀਆਂ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਦੀਆਂ ਮਾਸਿਕ ਮੀਟਿੰਗਾਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਪਿਛਲੇ ਮਹੀਨੇ ਕੀਤੇ ਕੰਮਾਂ ਦੀ ਪਰਖਪੜਚੋਲ ਕੀਤੀ ਗਈ ਅਤੇ ਅਗਲੇ ਮਹੀਨੇ ਕੀਤੇ ਜਾਣ ਵਾਲੇ ਕਾਰਜਾਂ ਦੀ ਰੂਪਰੇਖਾ ਤਿਆਰ ਕੀਤੀ ਗਈ। ਇਨ੍ਹਾਂ ਮੀਟਿੰਗਾਂ ਦੌਰਾਨ ਸੈਣੀ ਭਵਨ ਦੇ ਪ੍ਰਬੰਧਕਾਂ ਸ. ਹਾਕਮ ਸਿੰਘ ਅਤੇ ਸ. ਹਰਜੀਤ ਸਿੰਘ ਗਿਰਨ ਦੇ ਜਨਮ ਦਿਨ ਮਨਾਏ ਗਏ। ਇੱਕ ਮੀਟਿੰਗ ਵਿੱਚ ਸ.ਰਾਮ ਸਿੰਘ ਦੇ ਭਰਾ ਸ. ਨਸੀਬ ਸਿੰਘ ਦੇ ਚਲਾਣਾ ਕਰ ਜਾਣ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੁੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਤੰਬਰ ਦੀ ਮੀਟਿੰਗ ਸਮੇਂ ਸਾਲਾਨਾ ਵਿਦਿਆਰਥੀ ਗੋਸ਼ਠੀ ਅਤੇ ਵਜ਼ੀਫੇ ਵੰਡਣ ਲਈ ਕੀਤੇ ਜਾਣ ਵਾਲੇ ਸਾਲਾਨਾ ਸਿੱਖਿਆ ਸਮਾਗਮ ਬਾਰੇ ਵਿਚਾਵਟਾਂਦਰਾ ਕੀਤਾ ਗਿਆ।

* * * * *



## ਕਵਿਤਾ

ਤਾਰਾ ਸਿੰਘ ਚੇੜਾ

ਅੱਜ ਕਿਉਂ ਉਦਾਸ ਹੈ ਹਰ ਆਦਮੀ ਤੇਰੇ ਸ਼ਹਿਰ ਦਾ,
ਕੀ ਸਭ ਨੂੰ ਪਤਾ ਲਗ ਗਿਆ ਆਉਣ ਵਾਲੇ ਕਹਿਰ ਦਾ।

ਨਜ਼ਰ ਉਂਚੀ ਕਰ ਕੇ ਦੇਖ ਅੰਬਰ ਕਿਉਂ ਅੱਜ ਭਖ ਰਿਹਾ,
ਸਿਆਹ ਕਾਲ਼ਾ ਰੰਗ ਹੋਇਆ ਚੜ੍ਹਿਆ ਅਸਰ ਜ਼ਹਿਰ ਦਾ।

ਨੱਠ ਭੱਜ ਪਈ ਸਭ ਨੂੰ ਸਭ ਮੋਹਰੇ ਮੋਹਰੇ ਭੱਜਦੇ,
ਦੇਖਣ ਵਾਲੀ ਗੱਲ ਹੈ ਕੋਈ ਕਿੱਥੇ ਕੁ ਜਾ ਕੇ ਠਹਿਰਦਾ।

ਜਿੱਥੇ ਕਦੇ ਚੌੜੀ ਵਿਸ਼ਾਲ ਨਹਿਰ ਹੁੰਦੀ ਸੀ ਵਗਦੀ,
ਓਥੇ ਸ਼ਹਿਰ ਵਸਿਆ ਮਿਟਿਆ ਨਾਮੋਨਿਸ਼ਾਨ ਨਹਿਰ ਦਾ।

ਗ਼ਜ਼ਲ ਲਿਖਣੀ ਹੈ ਬਹੁਤ ਔਖੀ ਬਿਨ ਸਿੱਖੇ ਕਿਸੇ ਪ੍ਰੌੜ੍ਹ ਤੋਂ,
ਉਲਝ ਜਾਂਦਾ 'ਚੇੜਾ' ਪਤਾ ਨੀ ਲਗਦਾ ਬਹਿਰ ਦਾ।

* * * * *

## ਸਫ਼ਲ ਸੈਣੀ ਸ਼ਖਸ਼ੀਅਤਾਂ

### ਐਡਵੋਕੇਟ ਹਰਸਿਮਰ ਸਿੰਘ ਸਿੱਟਾ



ਪੰਜਾਬ ਸਰਕਾਰ ਵਲੋਂ ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਆਪਣੇ ਕਾਨੂੰਨੀ ਅਦਾਰੇ ' ਐਡਵੋਕੇਟ ਜਨਰਲ ਪੰਜਾਬ' ਦੇ ਦਫ਼ਤਰ ਵਿੱਚ 155 ਕਾਨੂੰਨ ਅਧਿਕਾਰੀਆਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਹ ਨਿਯੁਕਤੀਆਂ ਲਗਭੱਗ 3000 ਅਰਜ਼ੀਆਂ ਵਿੱਚੋਂ ਸਿਲੈਕਸ਼ਨ ਕਮੇਟੀ ਦੀ ਸਿਫ਼ਾਰਿਸ਼ 'ਤੇ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਰੋਪੜ ਸ਼ਹਿਰ ਦੇ ਜੰਮਪਲ ਸ. ਹਰਸਿਮਰ ਸਿੰਘ ਸਿੱਟਾ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਪਿਛਲੇ ਪੰਜ ਸਾਲਾਂ ਦੌਰਾਨ ਸਹਾਇਕ ਐਡਵੋਕੇਟ ਜਨਰਲ ਵਜੋਂ ਕਾਰਗੁਜ਼ਾਰੀ ਨੂੰ ਦੇਖਦਿਆਂ ਪਦਉਨਤ ਕਰ ਕੇ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਹੈ। ਸੈਣੀ ਬਰਾਦਰੀ ਦੇ ਹਰਸਿਮਰ ਸਿੰਘ ਸਿੱਟਾ ਨੇ 37 ਵਰ੍ਹਿਆਂ ਦੀ ਛੋਟੀ ਉਮਰੇ ਇਹ ਉਪਲਬਧੀ ਹਾਸਲ ਕਰ ਕੇ ਆਪਣੇ ਉੱਘੇ ਸਮਾਜ-ਸੇਵਕ ਪਿਤਾ ਸਵਰਗੀ ਐਡਵੋਕੇਟ ਨਰਿੰਦਰ ਸਿੰਘ ਸਿੱਟਾ ਅਤੇ ਸ਼ਹਿਰ ਦੇ ਉੱਘੇ ਬਜਾਜ ਵਪਾਰੀ ਦਾਦਾ ਸਵ. ਲਾਲ ਸਿੰਘ ਅਤੇ ਰੋਪੜ ਸ਼ਹਿਰ ਦਾ ਨਾਮ ਸਮੁੱਚੇ ਪੰਜਾਬ ਵਿੱਚ ਰੌਸ਼ਨ ਕੀਤਾ ਹੈ। ਗੌਰਤਲਬ ਹੈ ਕਿ ਸ. ਨਰਿੰਦਰ ਸਿੰਘ ਸਿੱਟਾ ਜੀ ਵੀ ਡਿਪਟੀ ਐਡਵੋਕੇਟ ਜਨਰਲ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਬਾਰ ਕੌਂਸਲ ਦੇ ਆਨਰੇਰੀ ਸਕੱਤਰ ਦੇ ਅਹੁਦੇ 'ਤੇ ਸੇਵਾਵਾਂ ਨਿਭਾਉਂਦੇ ਰਹੇ ਸਨ। ਉਹ ਰੋਪੜ ਦੇ ਇਕਲੌਤੇ ਅਜਿਹੇ ਵਕੀਲ ਸਨ ਜਿਨ੍ਹਾਂ ਰੋਪੜ ਬਾਰ ਤੋਂ ਵਕਾਲਤ ਸ਼ੁਰੂ ਕਰ ਕੇ ਸਮੁੱਚੀ ਪੰਜਾਬ ਹਰਿਆਣਾ ਬਾਰ ਕੌਂਸਲ ਦੀ ਚੋਣ ਜਿੱਤੀ ਸੀ। ਉਨ੍ਹਾਂ ਨੇ ਗਰੀਬ ਬੇਘਰੇ ਲੋਕਾਂ ਲਈ ਮਕਾਨ ਬਣਾਉਣ ਹਿਤ ਰੋਟਰੀ ਕਲੱਬ ਨੂੰ ਜ਼ਮੀਨ ਵੀ ਦਾਨ ਦਿੱਤੀ ਸੀ। ਉਨ੍ਹਾਂ ਦੇ ਕਦਮਾਂ 'ਤੇ ਚੱਲਦਿਆਂ ਸ. ਹਰਸਿਮਰ ਸਿੰਘ ਸਿੱਟਾ ਨੇ ਵੀ ਆਪਣਾ ਵਕਾਲਤ ਦਾ ਕਰੀਅਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਰੋਪੜ ਤੋਂ ਸ਼ੁਰੂ ਕਰਦਿਆਂ ਸਕੱਤਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਰੋਪੜ, ਸਹਾਇਕ ਐਡਵੋਕੇਟ ਜਨਰਲ ਪੰਜਾਬ ਵਰਗੇ ਅਹਿਮ ਅਹੁਦਿਆਂ ਤੱਕ ਪਹੁੰਚ ਕੀਤੀ ਹੈ। ਹਰਸਿਮਰ ਸਿੰਘ ਵੀ ਆਪਣੇ ਪਿਤਾ ਵਾਂਗ ਰੋਪੜ ਸ਼ਹਿਰ ਦੀਆਂ ਵੱਖ-ਵੱਖ ਸਮਾਜਸੇਵੀ, ਸਾਹਿਤਕ ਅਤੇ ਸਪੋਰਟਸ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪ ਰੋਟਰੀ ਕਲੱਬ ਰੋਪੜ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਆਪ ਸੈਣੀ ਭਵਨ ਰੋਪੜ ਦੇ ਆਜੀਵਨ ਮੈਂਬਰ ਹਨ ਅਤੇ ਇਸ ਸਮਾਜਸੇਵੀ ਸੰਸਥਾ ਦੀਆਂ ਲੋਕ ਭਲਾਈ ਸਰਗਰਮੀਆਂ ਵਿੱਚ ਤਨਦੇਹੀ ਨਾਲ ਹਿੱਸਾ ਲੈਂਦੇ ਹਨ। ਆਪ ਦੀ ਡਿਪਟੀ ਐਡਵੋਕੇਟ ਜਨਰਲ ਵਜੋਂ ਹੋਈ ਨਿਯੁਕਤੀ ਨਾਲ ਸੈਣੀ ਭਵਨ ਦੇ ਪ੍ਰਬੰਧਕ ਮਾਣ ਮਹਿਸੂਸ ਕਰਦੇ ਹਨ ਅਤੇ ਆਪ ਨੂੰ ਹਾਰਦਿਕ ਵਧਾਈ ਦਿੰਦੇ ਹਨ।

### ਜੁੱਡੋ ਖਿਡਾਰੀ ਜਸਲੀਨ ਸਿੰਘ ਸੈਣੀ



ਗੁਰਦਾਸਪੁਰ ਸ਼ਹਿਰ ਦੇ ਜੰਮਪਲ ਇਸ ਖਿਡਾਰੀ ਨੇ ਅਨੇਕ ਪ੍ਰਕਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਦਿਆਂ ਇਸ ਸਾਲ ਬਰਮਿੰਘਮ ਵਿੱਚ ਹੋਈਆਂ ਰਾਸ਼ਟਰੀ ਮੰਡਲ ਖੇਡਾਂ ਦੇ 66 ਕਿਲੋ ਭਾਰ ਜੁਡੋ ਮੁਕਾਬਲੇ ਵਿੱਚ ਪੰਜਵੇਂ ਸਥਾਨ 'ਤੇ ਆ ਕੇ ਦੇਸ਼, ਸੂਬੇ ਅਤੇ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਸੈਣੀ ਪਰਿਵਾਰ ਵਿੱਚ 10 ਅਕਤੂਬਰ, 1997 ਨੂੰ ਜਨਮੇ ਇਸ ਨੌਜਵਾਨ ਨੇ ਸਕੂਲ ਪੱਧਰ 'ਤੇ ਹੀ ਖੇਡਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਕੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਉਸ ਨੇ 2014 ਵਿੱਚ ਏਸ਼ੀਅਨ ਕੈਡਟ ਜੁੱਡੋ ਚੈਂਪੀਅਨਸ਼ਿਪ ਵਿੱਚ ਅਤੇ 2016 ਦੀ ਰਾਸ਼ਟਰੀ ਅੰਡਰ-21 ਚੈਂਪੀਅਨਸ਼ਿਪ ਵਿੱਚ ਸੋਨ ਤਮਗੇ ਜਿੱਤੇ। ਉਸ ਨੇ 2019 ਵਿੱਚ ਨੈਸ਼ਨਲ ਚੈਂਪੀਅਨਸ਼ਿਪ ਹਾਸਲ ਕੀਤੀ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਜੁੱਡੋ ਚੈਂਪੀਅਨਸ਼ਿਪ ਜਿੱਤੀ। ਜਸਲੀਨ ਸੈਣੀ ਨੇ 2021 ਵਿੱਚ ਹੰਗਰੀ ਵਿਖੇ ਆਯੋਜਿਤ ਵਿਸ਼ਵ ਜੁੱਡੋ ਸੀਨੀਅਰ ਮੁਕਾਬਲੇ ਵਿੱਚ ਭਾਗ ਲਿਆ ਅਤੇ ਮਾਣਯੋਗ ਸਥਾਨ ਹਾਸਲ ਕੀਤਾ। ਉਹ ਇਸ ਸਮੇਂ ਭਾਰਤ ਦਾ ਸਿਰਕੱਢ ਜੁੱਡੋ ਖਿਡਾਰੀ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਸੈਣੀ ਨੂੰ 5 ਲੱਖ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਹੈ। ਪੰਜਾਬ ਨੂੰ ਇਸ ਪ੍ਰਤਿਭਾਸ਼ਾਲੀ ਖਿਡਾਰੀ ਤੋਂ ਬਹੁਤ ਉਮੀਦਾਂ ਹਨ। ਅਸੀਂ ਆਸ ਕਰਦੇ ਹਾਂ ਕਿ ਉਹ ਦੇਸ਼ ਅਤੇ ਸੂਬੇ ਲਈ ਤਮਗੇ ਜਿੱਤਣੇ ਜਾਰੀ ਰੱਖੇਗਾ ਜਿਸ ਨਾਲ ਸਮੂਹ ਸੈਣੀ ਬਰਾਦਰੀ ਮਾਣ ਮਹਿਸੂਸ ਕਰਦੀ ਹੈ।

* * * * *

### ਵਧਾਈ



ਚੰਡੀਗੜ੍ਹ ਵਾਸੀ ਡਾ.ਦਲਜੀਤ ਕੌਰ ਐਮ.ਏ ਪੀ.ਐਚ.ਡੀ. ਪਤਨੀ ਸ. ਸੁਰਿੰਦਰ ਸਿੰਘ ਥਿੰਦ(ਸੈਣੀ) ਜੋ ਹਿੰਦੀ ਦੀ ਪ੍ਰਸਿੱਧ ਲਿਖਾਰੀ ਹੈ, ਨੂੰ ਪੰਜਾਬ ਭਾਸ਼ਾ ਵਿਭਾਗ ਨੇ ਉਨ੍ਹਾਂ ਦੀ ਹਿੰਦੀ ਕਾਵਿ ਪੁਸਤਕ 'ਆਂਖ ਮਚੋਲੀ' ਲਈ ਸਾਲ 2019 ਦੇ ਸਰਵੋਤਮ ਸਾਹਿਤਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਆਪ ਪਹਿਲਾਂ ਹੀ ਦਰਜਣਾਂ ਪੁਰਸਕਾਰਾਂ ਨਾਲ ਸਨਮਾਨਿਤ ਹੋ ਚੁੱਕੇ ਹਨ। ਆਪ ਦਾ ਪਿਛੋਕੜ ਰੋਪੜ ਸ਼ਹਿਰ ਦੇ ਮੁਹੱਲੇ ਹਵੇਲੀ ਕਲਾਂ ਦਾ ਹੈ।

ਕਹਾਣੀ

# ਸੁਹਾਗ ਦਾ ਬਲੀਦਾਨ

ਸਵ: ਅਜੀਤ ਸੈਣੀ
ਜਲੰਧਰ



ਸੂਰਜ ਡੁੱਬ ਚੁੱਕਾ ਸੀ। ਹਰ ਪਾਸੇ ਚੁੱਪ ਦਾ ਪਹਿਰਾ ਸੀ। ਉਸ ਪਿੰਡ ਦੇ ਹਰ ਘਰ ਦੇ ਦਰਵਾਜ਼ੇ ਬੰਦ ਸਨ। ਮਨੁੱਖ ਤਾਂ ਇੱਕ ਪਾਸੇ, ਕੋਈ ਪੰਛੀ ਤੱਕ ਵੀ ਨਜ਼ਰ ਨਹੀਂ ਸੀ ਆ ਰਿਹਾ। ਇਸ ਮੌਤ ਵਰਗੀ ਖ਼ਾਮੋਸ਼ੀ ਵਿੱਚ ਇੱਕ ਬੂਹਾ ਖੜਕਿਆ ਪਰ ਅੰਦਰੋਂ ਕੋਈ ਨਾ ਬੋਲਿਆ। ਬੂਹਾ ਫਿਰ ਖੜਕਿਆ ਤੇ ਫਿਰ ਵੀ ਕੋਈ ਉੱਤਰ ਨਾ ਆਇਆ। ਤੀਸਰੀ ਵਾਰ ਬੂਹਾ ਖੜਕਣ ਉੱਤੇ ਵੀ ਅੰਦਰੋਂ ਕੋਈ ਆਵਾਜ਼ ਨਾ ਆਈ, ਪਰ ਦਰਵਾਜ਼ਾ ਹੌਲੀ ਹੌਲੀ ਖੁੱਲ੍ਹਾ। ਇੱਕ ਇਸਤਰੀ ਡਰਦੀ ਡਰਦੀ ਨੇ ਥੋੜ੍ਹਾ ਜਿਹਾ ਬੂਹਾ ਖੋਲ੍ਹ ਕੇ ਬਾਹਰ ਝਾਕਿਆ ਅਤੇ ਆਉਣ ਵਾਲੇ ਵੱਲ ਸਵਾਲੀਆ ਨਜ਼ਰਾਂ ਨਾਲ ਤੱਕਿਆ;

" ਮੈਂ ਇਕ ਬਦਨਸੀਬ ਆਦਮੀ ਹਾਂ"। ਬੂਹਾ ਖੜਕਾਉਣ ਵਾਲੇ ਨੇ ਕਿਹਾ।

"ਮੈਂ ਤੁਹਾਡੇ ਲਈ ਕੀ ਕਰ ਸਕਦੀ ਹਾਂ?" ਇਸਤਰੀ ਦੀ ਮੱਧਮ ਜਿਹੀ ਆਵਾਜ਼ ਆਈ।

" ਮੈਂ ਹੋਰ ਕੁੱਝ ਨਹੀਂ ਚਾਹੁੰਦਾ, ਕੇਵਲ ਇੱਕ ਰਾਤ ਕੱਟਣ ਲਈ ਥਾਂ ਚਾਹੁੰਦਾ ਹਾਂ। ਕਈ ਰਾਤਾਂ ਲੰਘ ਗਈਆਂ ਹਨ, ਸੌਂ ਕੇ ਨਹੀਂ ਦੇਖਿਆ। ਅੱਜ ਅੱਖਾਂ ਬਗਾਵਤ 'ਤੇ ਉਤਰ ਆਈਆਂ ਹਨ"।

ਇਸਤਰੀ ਦੇ ਚਿਹਰੇ ਉੱਤੇ ਤਰਸ ਦੇ ਚਿੰਨ੍ਹ ਉੱਘੜੇ। ਉਹ ਉਸ ਨੂੰ ਅੰਦਰ ਲੈ ਗਈ ਅਤੇ ਉਸ ਬਰਾਂਡੇ ਵਿੱਚ ਡੱਠੀ ਮੰਜੀ ਉੱਤੇ ਬਿਠਾ ਕੇ ਆਪ ਰਸੋਈ ਘਰ ਵੱਲ ਚਲੀ ਗਈ। ਪਰਦੇਸੀ ਉਥੇ ਬੈਠਾ ਕਿਸੇ ਸੋਚ ਵਿੱਚ ਡੁੱਬ ਗਿਆ।

ਇਹ 1857 ਈਸਵੀ ਦੇ ਉਹ ਦਿਨ ਸਨ ਜਦੋਂ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਬਗ਼ਾਵਤ ਦੀ ਅੱਗ, ਅਬਲਾਵਾਂ ਦੇ ਹੰਝੂਆਂ ਨਾਲ ਬੁਝਾਈ ਜਾ ਰਹੀ ਸੀ। ਆਜ਼ਾਦੀ ਦੇ ਇਸ ਪਹਿਲੇ ਹਿੰਦੋਸਤਾਨੀ ਅੰਦੋਲਨ ਨੂੰ ਕੁਚਲਣ ਲਈ ਗੋਰੀ ਸਰਕਾਰ ਹਰ ਪ੍ਰਕਾਰ ਦੇ ਜ਼ੁਲਮ ਢਾਹ ਰਹੀ ਸੀ। ਝਾਂਸੀ ਦੀ ਰਾਣੀ ਲਕਸ਼ਮੀ ਬਾਈ ਬਹਾਦਰੀ ਨਾਲ ਲੜਦੀ ਹੋਈ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਗਈ ਸੀ। ਤਾਂਤੀਆ ਟੋਪੇ ਅਤੇ ਉਨ੍ਹਾਂ ਦੇ ਜਾਨਬਾਜ਼ ਸਾਥੀ ਦੇਸ਼ ਉੱਤੇ ਕੁਰਬਾਨ ਹੋ ਚੁੱਕੇ ਸਨ। ਸੁਤੰਤਰਤਾ ਸੰਗਰਾਮ ਦੇ ਹੀਰੋ ਨਾਨਾ ਸਾਹਿਬ ਕਿਸੇ ਖ਼ਾਸ ਕਾਰਨ ਰੂਪੋਸ਼ ਹੋ ਗਏ ਸਨ। ਹਰ ਰੋਜ਼ ਅੰਗਰੇਜ਼ੀ ਕਪਤਾਨ ਦੇ ਇਸ਼ਾਰੇ ਉੱਤੇ ਸੈਂਕੜੇ ਦੇਸ਼ ਭਗਤ ਤੋਪਾਂ ਨਾਲ ਉਡਾ ਦਿੱਤੇ ਜਾਂਦੇ। ਹਰ ਪਾਸੇ ਆਹਾਂ ਤੇ ਹੌਕੇ ਸਨ, ਮੁਰਦਾ ਚਿਹਰੇ, ਉੱਜੜੀਆਂ ਮਾਂਗਾਂ ਤੇ ਲੁੱਟੇ ਹੋਏ ਸੁਹਾਗ ਵੈਣ ਪਾ ਰਹੇ ਸਨ।

ਬਰਤਨਾਂ ਦੇ ਖੜਾਕ ਨੇ ਮੰਜੀ ਉੱਤੇ ਬੈਠੇ ਪਰਦੇਸੀ ਦੀ ਸੋਚ ਦੀ ਲੜੀ ਨੂੰ ਤੋੜ ਦਿੱਤਾ। ਉਸ ਸਿਰ ਉੱਪਰ ਚੁੱਕਿਆ। ਉਸ ਦੇ ਸਾਹਮਣੇ ਖਾਣਾ ਪਰੋਸਿਆ ਹੋਇਆ ਸੀ।

'ਖਾਣਾ?'ਉਹ ਫਿੱਕਾ ਜਿਹਾ ਮੁਸਕਰਾਇਆ ਤੇ ਫਿਰ ਕੇਵਲ ਦੋ ਤਿੰਨ ਬੁਰਕੀਆਂ ਹੀ ਜ਼ਹਿਰ ਮਾਰ ਕਰ ਕੇ ਅੰਦਰ ਲੰਘਾ ਸਕਿਆ।

" ਤੁਸੀਂ ਖਾਣਾ ਕੀ ਖਾਧਾ, ਕੇਵਲ ਰਸਮ ਹੀ ਪੂਰੀ ਕੀਤੀ ਏ" ਮੇਜ਼ਬਾਨ ਇਸਤਰੀ ਨੇ ਕਿਹਾ।

"ਜਿਸ ਨੂੰ ਦੇਸ਼ ਦਾ ਗ਼ਮ ਖਾ ਰਿਹਾ ਹੋਵੇ, ਉਸ ਨੂੰ ਭੁੱਖ ਕਿੱਥੇ ਲਗਦੀ ਹੈ? ਭਾਵੇਂ ਮੈਂ ਦੋ ਚਾਰ ਗਰਾਹੀਆਂ ਹੀ ਖਾਧੀਆਂ ਹਨ, ਪਰ ਇਨ੍ਹਾਂ ਨਾਲ ਬੜਾ ਅਨੰਦ ਆ ਗਿਆ ਏ। ਤੁਸੀਂ ਤਕੱਲਫ਼ ਕਰ ਰਹੇ ਹੋ" ਪ੍ਰਾਹੁਣੇ ਨੇ ਉੱਤਰ ਦਿੰਦੇ ਹੋਏ ਕਿਹਾ।

" ਨਹੀਂ ਤਾਂ, ਤਕੱਲਫ਼ ਕਿਸ ਗੱਲ ਦਾ? ਜ਼ਰੂਰ ਕੋਈ ਨਾ ਕੋਈ ਗੱਲ ਹੈ। "

ਇਸਤਰੀ ਦੇ ਸ਼ਬਦਾਂ ਵਿੱਚ ਅਜਿਹਾ ਅਸਰ ਸੀ ਕਿ ਪ੍ਰਾਹੁਣੇ ਦਾ ਦਿਲ ਸੱਟ ਵੱਜੇ ਤਾਰਾਂ ਵਾਂਗ ਥੱਰਾ ਉੱਠਿਆ ਅਤੇ ਫਿਰ ਭਰੇ ਹੋਏ ਫੋੜੇ ਵਾਂਗ ਵਹਿ ਤੁਰਿਆ। "ਮਹੀਨਿਆਂ ਤੋਂ ਦਰਖ਼ਤਾਂ ਦੇ ਪੱਤੇ ਖਾ ਖਾ ਕੇ ਪੇਟ ਦੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਅਤੇ ਹੁਣ ਤਾਂ ਖਾਣੇ ਦੀ ਖਾਹਿਸ਼ ਹੀ ਮਿਟ ਚੁੱਕੀ ਹੈ"।

" ਤੁਸੀਂ ਕੌਣ ਹੋ ਅਤੇ ਅਜਿਹਾ ਕਿਉਂ ਹੋਇਆ ਹੈ?" ਇਸਤਰੀ ਨੇ ਹੈਰਾਨ ਹੁੰਦਿਆਂ ਪੁੱਛਿਆ।

"ਈਸ਼ਵਰ ਲਈ ਇਹ ਨਾ ਪੁੱਛੋ। ਮੈਂ ਉਹ ਆਦਮੀ ਹਾਂ, ਜਿਸ ਦਾ ਇੰਨੀ ਵੱਡੀ ਦੁਨੀਆਂ ਵਿੱਚ ਕੋਈ ਟਿਕਾਣਾ ਨਹੀਂ। ਪਤਾ ਲੱਗਣ ਉੱਤੇ ਸ਼ਾਇਦ ਤੁਸੀਂ ਵੀ ਮੈਨੂੰ ਦੁਰਕਾਰ ਦਿਓਂ"।

" ਨਹੀਂ ਨਹੀਂ, ਇੱਕ ਪ੍ਰਾਹੁਣੇ ਨਾਲ ਇਹ ਸਲੂਕ ਕਿਵੇਂ ਹੋ ਸਕਦਾ ਹੈ?"

"ਮੈਂ ਤਾਂ ਤੁਹਾਡੇ ਕੋਲ ਕੇਵਲ ਇੱਕ ਰਾਤ ਦਾ ਪ੍ਰਾਹੁਣਾ ਹਾਂ। ਤੁਸੀਂ ਕਿਉਂ ਸਾਰੀ ਉਮਰ ਲਈ ਮੁਸੀਬਤ ਮੁੱਲ ਲੈਂਦੇ ਹੋ? ਇੱਕ ਪਾਸੇ ਮੇਰਾ ਸੁੱਕਾ ਜਿਹਾ ਸਰੀਰ ਅਤੇ ਦੂਜੇ ਪਾਸੇ ਤੁਹਾਡੇ ਸਾਰੇ ਟੱਬਰ ਦਾ ਭਵਿੱਖ"।

" ਜੇ ਤੁਹਾਨੂੰ ਕੋਈ ਡਰ ਨਾ ਹੋਵੇ ਤਾਂ ਮੈਨੂੰ ਆਪਣੀ ਜ਼ਿੰਦਗੀ ਦੀ ਕੋਈ ਪਰਵਾਹ ਨਹੀਂ"।

" ਤੁਸੀਂ ਨਾਨਾ ਸਾਹਿਬ ਦਾ ਨਾਂ ਤਾਂ ਸੁਣਿਆਂ ਹੋਵੇਗਾ, ਜਿਹੜਾ ਅੰਗਰੇਜ਼ੀ ਹਕੂਮਤ ਵਿਰੁੱਧ ਆਜ਼ਾਦੀ ਦੀ ਲੜਾਈ ਲੜ ਰਿਹਾ ਹੈ ਅਤੇ ਜਿਸ ਦੀ ਗ੍ਰਿਫ਼ਤਾਰੀ ਲਈ ਇਨਾਮ ਮੁਕਰਰ ਹੋ ਚੁੱਕਾ ਹੈ। ਹਕੂਮਤ ਸ਼ਾਇਦ ਇਹ ਨਹੀਂ ਜਾਣਦੀ ਕਿ ਉਹ ਉਸ ਦੀ ਗਰਦ ਤੱਕ ਵੀ ਨਹੀਂ ਪੁੱਜ ਸਕਦੀ"।

" ਤੁਸੀਂ ਨਾਨਾ ਸਾਹਿਬ ਹੋ? ਇਸਤਰੀ ਨੇ ਹੈਰਾਨੀ ਨਾਲ ਪੁੱਛਿਆ"।

" ਹਾਂ, ਮੈਂ ਨਾਨਾ ਹੀ ਹਾਂ, ਜਿਸ ਨੂੰ ਫਰੰਗੀ ਗ਼ਦਾਰ ਕਹਿੰਦਾ ਹੈ। ਪਰ ਤੁਸੀਂ ਘਰ ਵਿੱਚ ਇਕੱਲੇ ਈ ਹੋ? ਤੁਹਾਡਾ ਪਤੀ ਤੇ ਬੱਚੇ ਆਦਿ ਕਿੱਥੇ ਨੇ?"।

"ਨਹੀਂ, ਮੇਰੇ ਦੋ ਬੱਚੇ ਹਨ ਜਿਹੜੇ ਨਾਲ ਦੇ ਕਮਰੇ ਵਿੱਚ ਸੌਂ ਰਹੇ ਹਨ। ਪਤੀ ਦੇਵ ਅਜੇ ਤੱਕ ਨੌਕਰੀ ਤੋਂ ਘਰ ਨਹੀਂ ਆਏ"।

" ਫਿਰ ਮੈਂ ਇੱਥੇ ਬਰਾਂਡੇ ਵਿੱਚ ਬੈਠ ਕੇ ਉਨ੍ਹਾਂ ਦੀ ਉਡੀਕ ਕਰਦਾ ਹਾਂ"।

" ਨਹੀਂ ਨਹੀਂ। ਤੁਸੀਂ ਕਈ ਰਾਤਾਂ ਦੇ ਉਨੀਂਦਰੇ ਹੋ। ਤੁਸੀਂ ਆਰਾਮ ਕਰੋ"।

ਤੇ ਫਿਰ ਹਨੇਰੇ ਦੇ ਨਾਲ ਨਾਲ ਚੁੱਪ ਵਧਦੀ ਗਈ, ਮੌਤ ਵਰਗਾ ਸੰਨਾਟਾ। ਅਜਿਹੀ ਚੁੱਪ ਚਾਂ ਵਿੱਚ ਨਾਨਾ ਸਾਹਿਬ ਸੌਂ ਗਏ।

ਅੱਧੀ ਰਾਤ ਲੰਘ ਗਈ ਸੀ। ਕਈਆਂ ਰਾਤਾਂ ਦੇ ਉਨੀਂਦਰੇ ਨਾਨਾ ਸਾਹਿਬ ਬੇਖ਼ਬਰ ਸੁੱਤੇ ਪਏ ਸਨ ਕਿ ਉਨ੍ਹਾਂ ਨੂੰ ਕੋਮਲ ਕੰਬਦੇ ਹੱਥਾਂ ਨੇ ਝੰਜੋੜਿਆ। ਅੱਖਾਂ ਖੋਲ੍ਹੀਆਂ ਤਾਂ ਸਾਹਮਣੇ ਉਹੀ ਮੇਜ਼ਬਾਨ ਇਸਤਰੀ ਖੜ੍ਹੀ ਸੀ। ਉਸ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਸਨ। ਦੀਵੇ ਦੀ ਕੰਬਦੀ ਲੋਅ ਵਿੱਚ ਉਸ ਦਾ ਚਿਹਰਾ ਅਜੀਬ ਖ਼ੌਫ਼ਨਾਕ ਲਗ ਰਿਹਾ ਸੀ। ਅੱਖਾਂ ਲਾਲ ਸੁਰਖ ਅੰਗਿਆਰੇ ਵਾਂਗ ਭਖ਼ ਰਹੀਆਂ ਸਨ। ਨਾਨਾ ਸਾਹਿਬ ਲਈ ਇਹ ਇੱਕ ਅਜੀਬ ਬੁਝਾਰਤ ਸੀ।

ਇਸਤਰੀ ਨੇ ਉਨ੍ਹਾਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਅਤੇ ਹੌਲੀ ਜਿਹੀ ਬੋਲੀ, " ਨਾਨਾ ਸਾਹਿਬ। ਇੱਥੋਂ ਛੇਤੀਂ ਚਲੇ ਜਾਓ"।

ਨਾਨਾ ਸਾਹਿਬ ਹੈਰਾਨ ਹੋ ਕੇ ਉਸੇ ਤਰ੍ਹਾਂ ਉਸੇ ਵੱਲ ਦੇਖੀ ਜਾ ਰਹੇ ਸਨ।

" ਈਸ਼ਵਰ ਲਈ ਛੇਤੀਂ ਚਲੇ ਜਾਓ। ਜ਼ਰਾ ਵੀ ਦੇਰ ਨਾ ਕਰੋ। ਹੁਣ ਕੋਈ ਵੀ ਗੱਲ ਕਰਨ ਦਾ ਸਮਾਂ ਨਹੀਂ"।

ਤੇ ਫਿਰ ਨਾਨਾ ਸਾਹਿਬ ਚੁੱਪ ਚਾਪ ਬੂਹੇ ਵੱਲ ਵਧੇ। ਉਨ੍ਹਾਂ ਨੇ ਵੇਖਿਆ ਕਿ ਦਰਵਾਜ਼ੇ ਦੇ ਕੋਲ ਇੱਕ ਮਨੁੱਖੀ ਲਾਸ਼ ਖ਼ੂਨ ਨਾਲ ਲੱਥਪੱਥ ਪਈ ਹੋਈ ਸੀ। ਉਨ੍ਹਾਂ ਦੇ ਕਦਮ ਰੁਕ ਗਏ ਅਤੇ ਹੈਰਾਨੀ ਨਾਲ ਉਨ੍ਹਾਂ ਦੇ ਮੂੰਹੋਂ ਨਿਕਲਿਆ, "ਖ਼ੂਨ?"

"ਹਾਂ, ਮੈਂ ਖ਼ੂਨ ਕੀਤਾ ਹੈ"।

" ਤੁਸੀਂ? ਕਿਉਂ? ਇਹ ਕੌਣ ਸੀ?"

" ਇਹ ਮੇਰਾ ਪਤੀ ਸੀ। ਅੰਗਰੇਜ਼ੀ ਸਰਕਾਰ ਦਾ ਦਰੋਗਾ ਪੁਲਸ। ਇਹ ਤੁਹਾਨੂੰ ਹਕੂਮਤ ਦੇ ਹਵਾਲੇ ਕਰਨਾ ਚਾਹੁੰਦਾ ਸੀ, ਤਾਂ ਜੋ ਇਨਾਮ ਤੇ ਤਰੱਕੀ ਲੈ ਸਕੇ"।

ਤੇ ਇਹ ਸੁਣ ਕੇ ਨਾਨਾ ਸਾਹਿਬ ਦਾ ਸਿਰ ਆਪਣੇ ਆਪ ਕੁਰਬਾਨੀ ਦੀ ਉਸ ਦੇਵੀ ਦੇ ਪੈਰਾਂ 'ਤੇ ਝੁਕ ਗਿਆ

❊ ❊ ❊ ❊ ❊

**ਜੁਲਾਈ-ਸਤੰਬਰ, 2022 ਦੌਰਾਨ ਸੈਣੀ ਭਵਨ ਦੀ ਆਰਥਿਕ ਸਹਾਇਤਾ ਕਰਨ ਵਾਲੀਆਂ ਦਾਨੀ ਸੰਸਥਾਵਾਂ/ ਸੱਜਣ -**

**ੳ) ਜੁਲਾਈ, 2022 ਨੂੰ 18ਵੇਂ ਖ਼ੂਨਦਾਨ ਕੈਂਪ ਸਮੇਂ-**

1. ਇੰਨਰ ਵੀਲ੍ਹ ਕਲੱਬ ਰੋਪੜ- 3100 ਰੁਪਏ
2. ਜ਼ਿਲ੍ਹਾ ਪਲਿਸ ਸਾਂਝ ਕੇਂਦਰ ਰੋਪੜ- 2500 ਰੁਪਏ
3. ਰਜਨੀ ਹਰਬਲਜ਼ ਮਲਕਪੁਰ ਰੋਪੜ- ਸਾਰੇ ਖ਼ੂਨਦਾਨੀਆਂ ਨੂੰ ਸਨਮਾਨ ਚਿੰਨ੍ਹ।
4. ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਰੋਪੜ- ਸਾਰੇ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ।

**ਅ) ਤੀਆਂ ਦਾ ਤਿਉਹਾਰ ਸਮਾਗਮ 27 ਜੁਲਾਈ, 2022 ਸਮੇਂ-**

1. ਸ਼੍ਰੀਮਤੀ ਜਸਵਿੰਦਰ ਕੌਰ MC ਪਤਨੀ ਸ. ਅਮਰਜੀਤ ਸਿੰਘ ਗੁਰਬਖਸ਼ ਕਲੋਨੀ ਰੋਪੜ-5100 ਰੁ:
2. ਸ਼੍ਰੀ ਸੰਜੈ ਵਰਮਾ, ਪ੍ਰਧਾਨ ਨਗਰ ਕੌਂਸਲ ਰੋਪੜ- 3100 ਰੁਪਏ
3. ਇੰਨਰਵੀਲ੍ਹ ਕਲੱਬ ਰੋਪੜ- 2100 ਰੁਪਏ
4. ਸ਼੍ਰੀਮਤੀ ਗੁਰਮੀਤ ਕੌਰ ਪਤਨੀ ਸ.ਰਣਜੀਤ ਸਿੰਘ ਸੈਣੀ ਸ਼ਹੀਦ ਭਗਤ ਸਿੰਘ ਨਗਰ ਰੋਪੜ- 2100 ਰੁਪਏ
5. ਸ਼੍ਰੀਮਤੀ ਸੁਨੀਤਾ ਸੈਣੀ ਪਤਨੀ ਸ਼੍ਰੀ ਰਾਜੀਵ ਸੈਣੀ ਗਿ. ਜ਼ੈ. ਸਿੰ. ਨਗਰ ਰੋਪੜ-1000 ਰੁਪਏ
6. ਸ਼੍ਰੀਮਤੀ ਪ੍ਰਤਿਭਾ ਸੈਣੀ ਪਤਨੀ ਇੰਜ. ਚੰਦਰ ਸ਼ੇਖਰ ਰੋਪੜ-500 ਰੁਪਏ
7. ਸ਼੍ਰੀਮਤੀ ਭਗਵੰਤ ਕੌਰ ਪਤਨੀ ਸ. ਅਜੀਤ ਸਿੰਘ ਬਾਲਾ ਰੋਪੜ-500 ਰੁਪਏ

ਸੈਣੀ ਭਵਨ ਰੋਪੜ ਦੇ ਪ੍ਰਬੰਧਕ ਇਨ੍ਹਾਂ ਦਾਨੀ ਸੰਸਥਾਵਾਂ ਅਤੇ ਵਿਅਕਤੀਆਂ ਦਾ ਹਾਰਦਿਕ ਧੰਨਵਾਦ ਕਰਦੇ ਹਨ।

❊ ❊ ❊ ❊ ❊

## ਵਧਾਈ

ਮਹਿਕਪ੍ਰੀਤ ਕੌਰ ਪੁਤਰੀ ਸ. ਗੁਰਮੀਤ ਸਿੰਘ ਸੈਣੀ ਵਾਸੀ ਪਿੰਡ ਖੈਰਾਬਾਦ ਜ਼ਿਲ੍ਹਾ ਰੋਪੜ ਨੇ ਸੀ.ਬੀ.ਐਸ.ਈ. ਬੋਰਡ ਦੀ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ 2022 ਵਿੱਚ 96.6% ਅੰਕ ਪ੍ਰਾਪਤ ਕਰ ਕੇ ਆਪਣੇ ਪਰਿਵਾਰ, ਪਿੰਡ, ਜ਼ਿਲ੍ਹੇ ਅਤੇ ਬਰਾਦਰੀ ਦਾ ਨਾਮ ਰੌਸ਼ਨ ਕੀਤਾ ਹੈ। ਮਹਿਕਪ੍ਰੀਤ ਕੌਰ ਪੜ੍ਹਾਈ ਨੇ ਨਾਲ ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰਦੀ ਹੈ। ਉਹ ਹਾਕੀ ਦੀ ਨੈਸ਼ਨਲ ਪੱਧਰ ਦੀ ਖਿਡਾਰਨ ਹੈ ਜਿਸ ਨੇ ਮਾਰਚ,2021 ਵਿੱਚ ਉੜੀਸਾ ਅਤੇ ਅਪ੍ਰੈਲ,2022 ਵਿੱਚ ਗਵਾਲੀਅਰ ਵਿਖੇ ਹੋਈਆਂ ਨੈਸ਼ਨਲ ਚੈਂਪੀਅਨਸ਼ਿਪਸ ਵਿੱਚ ਭਾਗ ਲੈ ਕੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।



ਇਤਿਹਾਸ

# ਸੈਣੀ ਜਾਤ ਦਾ ਆਰੰਭ

ਸਵ: ਪ੍ਰੋ. ਕਰਤਾਰ ਸਿੰਘ (ਸੈਣੀ)
ਜਲੰਧਰ

ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਕਰਤਾਰ ਸਿੰਘ ਨੇ ਅਕਤੂਬਰ, 1964 ਵਿੱਚ ਸੈਣੀ ਬਰਾਦਰੀ ਦੇ ਇਤਿਹਾਸ ਦੀ ਅੰਗ੍ਰੇਜ਼ੀ ਵਿੱਚ ਇਕ ਪੁਸਤਕ, 'ORIGIN OF THE SAINI CASTE' ਲਿਖੀ। ਇਸ ਵਿੱਚ ਉਸਨੇ ਦੋ ਦਰਜਣ ਦੇ ਕਰੀਬ ਵਿਦੇਸ਼ੀ ਤੇ ਭਾਰਤੀ ਇਤਿਹਾਸਕਾਰਾਂ ਦੇ ਹਵਾਲਿਆਂ ਅਤੇ ਪੁਰਾਤਨ ਹਿੰਦੂ ਗ੍ਰੰਥਾਂ, 'ਪੁਰਾਣਾ' ਵਿੱਚ ਦਿੱਤੇ ਵੇਰਵਿਆਂ ਦੇ ਆਧਾਰ 'ਤੇ ਸੈਣੀ ਜਾਤ ਦੇ ਆਰੰਭ, ਚੜ੍ਹਤ ਅਤੇ ਗਿਰਾਵਟ ਬਾਰੇ ਚਾਨਣਾ ਪਾਇਆ। ਪਾਠਕਾਂ ਦੇ ਗਿਆਨ ਹਿਤ ਇਸ ਪੁਸਤਕ ਵਿੱਚ ਦਰਜ ਮੁੱਖ ਨੁਕਤਿਆਂ (Main Points) ਦਾ ਪੰਜਾਬੀ ਵਿੱਚ ਅਨੁਵਾਦ ਮੈਗਜ਼ੀਨ 'ਸੈਣੀ ਸੰਸਾਰ' ਵਿੱਚ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। – ਸੰਪਾਦਕ

ਸੈਣੀ ਬਰਾਦਰੀ ਦੇ ਲੋਕਾਂ ਨੂੰ ਆਪਣਾ ਇਤਿਹਾਸ ਭੁੱਲ ਗਿਆ ਹੈ। ਇਸ ਸਬੰਧੀ ਇਤਿਹਾਸਕਾਰਾਂ ਵਲੋਂ ਵੀ ਪੜ੍ਹੇ-ਸੁਣੇ ਵਿੱਚੋ ਜੋ ਠੀਕ ਜਾਪਦਾ ਹੈ ਉਹ ਲਿਖ ਦਿੱਤਾ ਜਾਂਦਾ ਹੈ।

(ਉਨੀਂਵੀਂ ਸਦੀ ਦੇ ਬ੍ਰਿਟਿਸ਼ ਅਧਿਕਾਰੀ) ਐਫ.ਈ. ਪਾਰਗਿਟਰ ਆਈ.ਸੀ.ਐਸ ਨੇ (ਆਪਣੀਆਂ ਦੋ ਪੁਸਤਕਾਂ, “Ancient Indian Historical Tradition, 1922” ਅਤੇ Dynasties Of the Kali Age, 1913 ” ਵਿੱਚ) ਹਿੰਦੂ ਧਰਮ ਦੇ ਗ੍ਰੰਥਾਂ 'ਪੁਰਾਣਾ' ਵਿੱਚ ਦਿੱਤੇ ਵੇਰਵਿਆਂ ਦੇ ਆਧਾਰ 'ਤੇ ਸਪਸ਼ਟ ਸਿੱਟਾ ਕੱਢਿਆ ਹੈ ਕਿ ਸੈਣੀ, ਯਾਦਵ ਕਬੀਲਿਆਂ ਦੇ 'ਵਰਿਸ਼ਨੀ' ਪਰਿਵਾਰ ਦੀ ਮਹੱਤਵਪੂਰਨ ਸ਼ਾਖਾ ਹੈ। ਉਸ ਅਨੁਸਾਰ ਸ਼੍ਰੀ ਕ੍ਰਿਸ਼ਨ ਵੀ ਵਰਿਸ਼ਨੀ ਪਰਿਵਾਰ ਨਾਲ ਸਬੰਧ ਰਖਦੇ ਸਨ। 'ਸਿਨੀ' ਜਿਸ ਤੋਂ ਸੈਣੀਆਂ ਦਾ ਆਰੰਭ ਹੋਇਆ ਵਰਿਸ਼ਨੀ ਦੇ ਚਾਰ ਪੁੱਤਰਾਂ ਵਿੱਚੋਂ ਸਭ ਤੋਂ ਛੋਟੇ 'ਅਨਾਮਿੱਤਰਾ' ਦਾ ਪੁੱਤਰ ਸੀ। (ਸ਼੍ਰੀ ਕ੍ਰਿਸ਼ਨ, ਅਨਾਮਿੱਤਰਾ ਦੇ ਦੂਜੇ ਭਰਾ ਦੇਵਾਮਿਧੂਸ਼ਾ ਦਾ ਪੋਤਾ ਸੀ)। ਹਿੰਦੂ ਧਰਮ ਦੇ ਮੰਨਣ ਅਨੁਸਾਰ ਸਿਨੀ 3000 ਬੀ.ਸੀ ਵਿੱਚ ਹੋਇਆ ਸੀ।

ਪ੍ਰਸਿੱਧ ਭਾਰਤੀ ਇਤਿਹਾਸਕਾਰ ਡਾ.ਏ.ਡੀ.ਪੁਸਾਲਕਰ ਨੇ 1953 ਵਿੱਚ ਭਾਰਤੀ ਵਿੱਦਿਆ ਭਵਨ ਬੰਬਈ ਵਲੋਂ ਪ੍ਰਕਾਸ਼ਿਤ ਆਪਣੀ ਪੁਸਤਕ, ('History And Culture Of the Indian People') ਵਿੱਚ ਵੀ ਸੈਣੀ ਜਾਤ ਦੇ ਯਾਦਵ ਕਬੀਲਿਆਂ ਤੋਂ ਆਰੰਭ ਹੋਣ ਦੀ ਪੁਸ਼ਟੀ ਕੀਤੀ ਹੈ।

ਸੈਣੀ ਜਾਤ ਦੀ ਉਤਪਤੀ ਮਹਾਂਭਾਰਤ ਦੇ ਯੁੱਧ ਦੀ ਮਿਤੀ ਤੋਂ ਹੀ ਗਿਣੀ ਜਾਵੇਗੀ। ਯੂਰਪੀਅਨ ਇਤਿਹਾਸਕਾਰ ਮੰਨਦੇ ਹਨ ਕਿ ਮਹਾਂਭਾਰਤ ਦਾ ਯੁੱਧ 1400 ਬੀਸੀ ਵਿੱਚ ਹੋਇਆ ਜਦੋਂਕਿ ਭਾਰਤੀ ਲਿਖਾਰੀ ਇਸ ਨੂੰ 3000ਬੀਸੀ ਵਿੱਚ ਹੋਇਆ ਲਿਖਦੇ ਹਨ।

ਮਹਾਂਭਾਰਤ ਦੇ ਯੁੱਧ ਵਿੱਚ ਸੈਣੀ ਪਾਂਡਵਾਂ ਦੇ ਪੱਖ ਵਿੱਚ ਲੜੇ ਸਨ। ਮਹਾਂਭਾਰਤ ਗ੍ਰੰਥ ਵਿੱਚ ਸੈਣੀ ਜਾਤ ਦੇ ਮੋਢੀ ਸਿਨੀ ਦੇ ਪੋਤੇ ਸਤਿਆਕੀ ਜਾਂ ਯੁਯੁਧਨ ਦੀ ਬਹੁਤ ਪ੍ਰਸ਼ੰਸਾ ਕੀਤੀ ਹੋਈ ਹੈ। ਉਸ ਨੂੰ ਇਸ ਦੇ ਸਾਰੇ ਅਧਿਆਇਆਂ ਵਿੱਚ ਕਈ ਪ੍ਰਕਾਰ ਦੇ ਬਹਾਦਰੀ ਕਾਰਨਾਮੇ ਕਰਦਾ ਦੱਸਿਆ ਗਿਆ ਹੈ। ਉਹ ਯੁੱਧ ਦੌਰਾਨ ਸ਼੍ਰੀ ਕ੍ਰਿਸ਼ਨ ਦੇ ਨਾਲ ਹੀ ਰੱਥ 'ਤੇ ਬੈਠ ਕੇ ਲੜਦਾ ਦਿਖਾਇਆ ਗਿਆ ਹੈ।( ਇਸ ਸਮੇਂ ਸਤਿਆਕੀ ਦਾ ਪਿਤਾ ਸਤਿਆਕਾ ਅਤੇ ਬਾਬਾ ਸਿਨੀ ਜ਼ਿੰਦਾ ਨਹੀਂ ਸਨ)।

ਯਾਦਵ ਕਬੀਲੇ ਦੀਆਂ ਛਪੰਜਾ ਸ਼ਾਖਾਂਵਾਂ ਸਨ। ਉਨ੍ਹਾਂ ਨੇ ਸਾਰੇ ਉਤਰੀ, ਪੂਰਬੀ ਅਤੇ ਪੱਛਮੀ ਭਾਰਤ 'ਤੇ ਰਾਜ ਕੀਤਾ। ਉਨ੍ਹਾਂ ਨੇ ਆਪਣੀ ਸ਼ਕਤੀ ਨੂੰ ਦੱਖਣ ਵਿੱਚ ਵਿਧਰਬ ਅਤੇ ਮਹਾਂਰਾਸ਼ਟਰ ਤੱਕ ਵਧਾਇਆ। ਅਜੇ ਵੀ ਯਾਦਵ ਇਨ੍ਹਾਂ ਖੇਤਰਾਂ ਵਿੱਚ ਅਲੱਗ ਨਾਵਾਂ ਅਧੀਨ ਰਹਿ ਰਹੇ ਹਨ। ਮਿਸਾਲ ਦੇ ਤੌਰ 'ਤੇ ਮਰਹੱਟਿਆਂ ਵਿੱਚ ਯਾਦਵ ਅਤੇ ਜਾਧਵ, ਭੋਜਪੁਰ ਅਤੇ ਜੈਸਲਮੇਰ ਵਿੱਚ ਯਾਦਵ ਰਾਜਪੂਤ, ਪੰਜਾਬ ਵਿੱਚ ਸੈਣੀ ਸਿੱਖ ਅਤੇ ਕੁਰੂਕਸ਼ੇਤਰ ਦੁਆਲੇ ਯਾਦਵ ਰਹਿੰਦੇ ਹਨ।

ਮਹਾਂਭਾਰਤ ਦੇ ਯੁੱਧ ਤੋਂ ਬਾਅਦ ਸੈਣੀ ਲੋਕਾਂ ਦਾ ਰਾਜ ਕਾਇਮ ਰਿਹਾ। ਸਤਿਆਕੀ ਜਾਂ ਯੁਯੁਧਨ ਦੇ ਪੋਤੇ ਨੂੰ ਸਰਸਵਤੀ ਨਦੀ ਦੇ ਕਿਨਾਰੇ ਵਿਸ਼ਾਲ ਖੇਤਰ ਸੌਂਪ ਦਿੱਤਾ ਗਿਆ। ਪੂਰੇ ਭਾਰਤਵਰਸ਼ ਵਿੱਚ ਇਹ ਰਾਜ ਪ੍ਰਸਿੱਧ ਸੀ। ਉਸ ਸਮੇਂ ਇਹ ਨਦੀ ਗੁਜਰਾਤ ਦੇ ਪਾਸ ਹੀ ਸਮੁੰਦਰ ਵਿੱਚ ਪੈਂਦੀ ਸੀ।(ਮਗਧ ਦੇ ਰਾਜਾ ਜਰਾਸੰਧ ਨੇ ਕਈ ਵਾਰ ਸ਼੍ਰੀ ਕ੍ਰਿਸ਼ਨ ਜੀ ਨੂੰ ਹਰਾਇਆ ਕਿਸ ਕਾਰਨ ਉਹ ਆਪਣੇ ਕਬੀਲੇ ਦੇ ਯਾਦਵਾਂ ਨਾਲ ਦਵਾਰਕਾ ਚਲੇ ਗਏ।)

ਸ਼ੂਰਸੇਨ, ਵਰਸ਼ਿਨੀ ਪਰਿਵਾਰ ਦੇ ਭਿੰਨ ਭਿੰਨ ਰਾਜਾਂ ਦਾ ਮਹਾਂਸੰਘ ਸੀ ਜੋ ਸਰਸਵਤੀ ਤੋਂ ਯਮੁਨਾ ਦਰਿਆਵਾਂ ਵਿਚਕਾਰ ਫੈਲਿਆ ਹੋਇਆ ਸੀ। ਉਸ ਸਮੇਂ ਦੇ ਸਿੱਕਿਆਂ ਅਤੇ ਲਿਖਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਸਾਰੇ ਰਾਜਾਂ ਵਿਚ ਪੂਰੀ ਏਕਤਾ ਸੀ। ਮਥੁਰਾ, ਸੁਰਪੁਰ, ਕਲਿਥੋਰਾ ਅਤੇ ਮਾਰਤੀਕਵਾਤਾ ਸ਼ੂਰਸੇਨ ਸੰਘ ਦੇ ਪ੍ਰਸਿੱਧ ਸ਼ਹਿਰ ਸਨ।

ਸੈਣੀ ਅਤੇ ਸ਼ੂਰਸੈਣੀ ਰਾਜਾਂ ਦੀ ਗਿਰਾਵਟ ਇਨ੍ਹਾਂ ਦੇ ਮੁਖੀਆਂ ਵਲੋਂ ਬੁੱਧ ਧਰਮ ਗ੍ਰਹਿਣ ਕਰਨ ਨਾਲ ਸ਼ੁਰੂ ਹੋਈ। ਮਥੁਰਾ ਦੇ ਸ਼ੂਰਸੈਣੀ ਰਾਜੇ ਅਵੰਤੀਪੁਰਾ ਨੇ ਮਹਾਤਮਾ ਬੁੱਧ ਨੂੰ ਆਪਣੇ ਰਾਜ ਵਿੱਚ ਬੁਲਾਇਆ ਅਤੇ ਬੁੱਧ ਧਰਮ ਅਪਣਾ ਲਿਆ।( ਸੈਣੀ ਸ਼ਕਤੀ ਅਤੇ ਸ਼ੂਰਸੇਣੀ ਰਾਜ ਦੇ ਖਾਤਮੇ ਦਾ ਆਰੰਭ ਅਮਲੀ ਤੌਰ 'ਤੇ ਨੰਦਾ ਵੰਸ਼ ਦੇ ਰਾਜਾ ਮਹਾਂਪਦਮ ਦੇ ਆਉਣ ਨਾਲ ਹੋਇਆ। ਚੰਦਰ ਗੁਪਤ ਮੋਰੀਆ ਨੇ ਸੈਣੀ ਰਾਜਾਂ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ ਜਿਸ ਨਾਲ ਯਾਦਵਾਂ ਦੀ ਸ਼ਾਨੋਸ਼ੌਕਤ ਜਾਂਦੀ ਰਹੀ। ਮੌਰੀਆ ਰਾਜ ਦੇ ਕੌਤੱਲਿਆ ਅਤੇ ਯੂਨਾਨੀ ਯਾਤਰੂ ਮੈਗਸਥਨੀਜ਼ ਦੀਆਂ ਲਿਖਤਾਂ ਵਿੱਚ ਵਰਿਸ਼ਨੀ ਮਹਾਂਸੰਘ ਦਾ ਜ਼ਿਕਰ ਮਿਲਦਾ ਹੈ।

ਇਸ ਤੋਂ ਬਾਅਦ ਆਏ ਯੂਨਾਨੀ, ਨਾਗਾ ਅਤੇ ਸਾਕਾ ਘਰਾਣਿਆਂ ਨੇ ਮਥੁਰਾ ਅਤੇ ਸ਼ੂਰਸੈਣੀ ਰਾਜਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ। ਨਾਗਾ ਰਾਜ ਘਰਾਣੇ ਨੇ ਮਥੁਰਾ ਨੂੰ ਆਪਣੀ ਰਾਜਧਾਨੀ ਬਣਾ ਲਿਆ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਹਮਲਾਵਰ ਆਏ। ਸੈਣੀ ਲੋਕ ਆਪਣੀ ਗੁਆਚੀ ਸੱਤਾ ਮੁੜ ਹਾਸਲ ਨਾ ਕਰ ਸਕੇ। ਉਨ੍ਹਾਂ ਨੇ ਰਾਜ ਸੱਤਾ ਦੀ ਲਾਲਸਾ ਤਿਆਗ ਕੇ ਖੇਤੀਬਾੜੀ ਅਤੇ ਹੋਰ ਧੰਦੇ ਕਰਨੇ ਸ਼ੁਰੂ ਕਰ ਦਿੱਤੇ।)

ਇਸ ਤੋਂ ਬਾਅਦ ਦੇ ਸੈਣੀ ਇਤਿਹਾਸ ਨੂੰ ਅਜੇ ਹੋਰ ਘੋਖਣ ਦੀ ਜ਼ਰੂਰਤ ਹੈ। ਇਸ ਸਮੇਂ ਯਾਦਵਾਂ ਨੇ ਗਜ਼ਨੀ, ਸਿਆਲਕੋਟ, ਜੈਸਲਮੇਰ ਅਤੇ ਭੋਜਪੁਰ 'ਤੇ ਰਾਜ ਕੀਤਾ ਅਤੇ ਉਹ ਯਾਦਵ ਮਰਹੱਟਾ ਅਤੇ ਸੈਣੀ ਸਿੱਖਾਂ ਦੇ ਰੂਪ ਵਿੱਚ ਵਿਚਰਦੇ ਰਹੇ।

(ਸੈਣੀ ਇਤਿਹਾਸ ਦੇ ਸਬੰਧ ਵਿੱਚ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਲੈਫਟੀਨੈਂਟ ਕਰਨਲ ਜੇਮਜ਼ ਟਾਡ (1782-1835) ਦੀ ਲਿਖਤ ' Annals and Antiquities of Rajisthan' ਮਹੱਤਵਪੂਰਨ ਹੈ। ਉਸ ਦਾ ਮੰਨਣਾ ਹੈ ਕਿ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਸ਼੍ਰੀ ਕਿਸ਼ਨ ਜੀ ਦੀ ਮੌਤ 'ਤੇ ਯਾਦਵਾਂ ਹੱਥੋਂ ਮਥੁਰਾ ਖੁਸ ਜਾਣ ਕਾਰਨ ਉਹ ਉੱਤਰ ਵੱਲ ਪਲਾਣ ਕਰ ਗਏ। ਪੇਸ਼ਾਵਰ ਵਿੱਚ ਉਹ ਅਜੇ ਵੀ ਜਾਦੋਂ ਕਬੀਲੇ ਵਜੋਂ ਮੌਜੂਦ ਹਨ। ਉਹ ਅੱਗੇ ਵਧਦਿਆਂ ਫਲਸਤੀਨ ਵਿੱਚ ਜਾ ਕੇ ਜਹੂਦੀ ਬਣ ਗਏ। ਟਾਡ ਅਨੁਸਾਰ ਯਾਦਵ ਰਾਜੇ ਗਜ਼ ਨੇ ਗਜ਼ਨੀ ਸ਼ਹਿਰ ਅਤੇ ਉਸ ਦੇ ਪੁੱਤਰ ਸਲਾਬਾਹਨ ਨੇ ਸਿਆਲਕੋਟ ਸ਼ਹਿਰ ਵਸਾਏ। ਇਸ ਪਰਿਵਾਰ ਦਾ ਸ਼ਾਕੀਤੋ ਸ਼ੁਗਾਤਾ ਮੁਗਲਾਂ ਦਾ ਮੋਢੀ ਸੀ। ਰਾਵਲਪਿੰਡੀ ਦੀ ਗਜ਼ਟ ਵਿੱਚ ਅਜੇ ਵੀ ਉੱਥੇ ਮੁਗਲ ਸੈਣੀਆਂ ਦਾ ਜ਼ਿਕਰ ਹੈ। ਸਿਆਲਕੋਟ ਰਾਜਸੀ ਪਰਿਵਾਰ ਦੇ ਕਈ ਲੋਕਾਂ ਨੇ ਰਾਜਨੀਤਿਕ ਜ਼ੁਲਮ ਤੋਂ ਬਚਣ ਲਈ ਨਿਚਲੇ ਧੰਦੇ ਅਪਣਾ ਲਏ। ਮੰਗਲ ਰਾਓ ਦੇ ਪੁੱਤਰ ਜੱਟ ਬਣ ਗਏ ਅਤੇ ਫੂਲ ਨੇ ਨਾਈ ਦਾ ਕਿੱਤਾ ਅਪਣਾ ਲਿਆ। ਮਿਸਾਲ ਦੇ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਸੈਣੀ ਜਰਨੈਲ ਸ. ਦਿਆਲ ਸਿੰਘ ਨੂੰ ਨਾਈ ਮੰਨਿਆਂ ਗਿਆ। ਮਹਾਰਾਜੇ ਦੀਆਂ ਤਿੰਨ ਰਾਣੀਆਂ ਸੈਣੀ ਗੋਤ, ਸਲਾਰੀਆ ਦੀਆਂ ਸਨ। ਯਾਦਵਾਂ ਦੀ ਇੱਕ ਸ਼ਾਖਾ ਦੇ ਪਰਿਵਾਰ ਨੇ ਜੈਸਲਮੇਰ ਵਿੱਚ ਰਾਜ ਸਥਾਪਿਤ ਕੀਤਾ ਜੋ 1947 ਤੱਕ ਕਾਇਮ ਰਿਹਾ। ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਨ ਲਈ ਅਜੇ ਬਹੁਤ ਖੋਜ ਕਾਰਜ ਕਰਨ ਦੀ ਸਖ਼ਤ ਜ਼ਰੂਰਤ ਹੈ।)

**ਨੋਟ**- ਸੈਣੀ ਇਤਿਹਾਸ ਸਬੰਧੀ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਵਿਚਕਾਰ ਕਾਫੀ ਮੱਤਭੇਦ ਹਨ। ਇਸ ਲਈ ਕਿਸੇ ਆਖਰੀ ਨਿਰਣੇ 'ਤੇ ਪਹੁੰਚਣਾ ਮੁਸ਼ਕਲ ਹੈ। ਇਸ ਸਬੰਧੀ ਸਵਰਗੀ ਚੌਧਰੀ ਸ਼ਿਵ ਲਾਲ ਸੈਣੀ ਵਾਸੀ ਪਿੰਡ ਮੁਰਾਰਾ ਜ਼ਿਲ੍ਹਾ ਗੁਰਦਾਸਪੁਰ ਨੇ 1915 ਵਿੱਚ ਉਰਦੂ ਭਾਸ਼ਾ ਵਿੱਚ ਪੁਸਤਕ, 'ਤਵਾਰੀਖ ਕੌਮ ਸ਼ੁਰ ਸੈਣੀ' ਲਿਖੀ ਸੀ। ਇਸ ਦਾ ਪੰਜਾਬੀ ਵਿੱਚ ਅਨੁਵਾਦ ਕਰ ਕੇ ਲੰਡਨ ਵਾਸੀ ਕਾਬਲੀ ਹਰਭਜਨ ਸਿੰਘ ਨੇ 2021 ਅਤੇ 2022 ਵਿੱਚ 'ਸ਼ੂਰ ਸੈਣੀ ਸਮਾਜ ਦਾ ਇਤਿਹਾਸ' ਦੇ ਨਾਮ ਹੇਠ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਚੌਧਰੀ ਸ਼ਿਵ ਲਾਲ ਜੀ ਨੇ ਸੈਣੀ ਬਰਾਦਰੀ ਦਾ ਇਤਿਹਾਸ ਲਿਖਦਿਆਂ ਪੁਰਾਤਨ ਹਿੰਦੂ ਧਾਰਮਿਕ ਗ੍ਰੰਥਾਂ (ਵੇਦਾਂ ਅਤੇ ਪੁਰਾਣਾਂ) ਅਤੇ ਕਰਨਲ ਟਾਡ ਦੇ ਵਿਚਾਰਾਂ ਨੂੰ ਅਧਾਰ ਬਣਾਇਆ ਹੈ। ਇਸ ਕਾਰਨ ਚੌਧਰੀ ਸ਼ਿਵ ਲਾਲ ਜੀ ਅਤੇ ਪ੍ਰੋ. ਕਰਤਾਰ ਸਿੰਘ ਦੇ ਵਿਚਾਰਾਂ 'ਤੇ ਅਧਾਰਿਤ ਹਥਲੇ ਲੇਖ ਦੇ ਤੱਥਾਂ ਵਿੱਚ ਕਾਫੀ ਅੰਤਰ ਜਾਪਦਾ ਹੈ।ਪਾਠਕਾਂ ਦੇ ਗਿਆਨ ਹਿਤ 'ਸੈਣੀ ਸੰਸਾਰ' ਮੈਗਜ਼ੀਨ ਦੇ ਅਗਲੇ ਅੰਕਾਂ ਵਿੱਚ ਕਾਬਲੀ ਹਰਭਜਨ ਸਿੰਘ ਦੀ ਪੁਸਤਕ ਵਿੱਚੋਂ ਕੁੱਝ ਵਿਸ਼ੇਸ਼ ਅੰਸ਼ ਛਾਪੇ ਜਾਣਗੇ। -ਮੁੱਖ ਸੰਪਾਦਕ

## ਵਧਾਈਆਂ

*** ਸੈਣੀ ਬਰਾਦਰੀ ਦੇ ਸਾਬਕਾ ਉੱਚ-ਪੁਲਿਸ ਅਧਿਕਾਰੀ ਅਤੇ ਗੁਰਮਤਿ ਦੀਆਂ ਕਈ ਪੁਸਤਕਾਂ ਦੇ ਲਿਖਾਰੀ ਸ. ਇਕਬਾਲ ਸਿੰਘ ਲਾਲਪੁਰਾ ਨੂੰ ਭਾਰਤੀ ਜਨਤਾ ਪਾਰਟੀ ਨੇ ਕੇਂਦਰੀ ਸੰਸਦੀ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਹੈ। ਆਪ ਰੋਪੜ ਜ਼ਿਲ੍ਹੇ ਦੇ ਪਿੰਡ ਕਲਵਾਂ ਦੇ ਵਾਸੀ ਅਤੇ ਇਸ ਸਮੇਂ ਘੱਟਗਿਣਤੀਆਂ ਦੇ ਕੌਮੀ ਕਮਿਸ਼ਨ ਦੇ ਚੇਅਰਮੈਨ ਹਨ। ਇਹ ਮਾਣ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਸਿੱਖ ਰਾਜਨੀਤਿਕ ਆਗੂ ਹਨ।



*** ਨਵਾਂ ਨੰਗਲ ਵਾਸੀ ਸ.ਬਲਬੀਰ ਸਿੰਘ ਸੈਣੀ ਨੂੰ ਅੰਤਰਰਾਸ਼ਟਰੀ ਸਾਹਿਤਕ ਮੰਚ 'ਸਾਂਝਾਂ ਪਿਆਰ ਦੀਆਂ' ਵਲੋਂ 'ਗਜ਼ਲ ਸਮਰਾਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼੍ਰੀ ਸੈਣੀ ਪ੍ਰਸਿੱਧ ਗਜ਼ਲਗੋ ਅਤੇ ਕਹਾਣੀਕਾਰ ਹਨ ਜਿਨ੍ਹਾਂ ਨੇ ਦਰਜਣ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੇ ਪੱਲੇ ਪਾਈਆਂ ਹਨ। ਆਪ ਇੱਕ ਸਾਹਿਤਕ ਮੈਗਜ਼ੀਨ 'ਸੂਲ ਸੁਰਾਹੀ' ਦੇ ਵੀ ਪ੍ਰਕਾਸ਼ਿਕ ਹਨ। ਆਪ ਸੈਣੀ ਭਵਨ ਰੋਪੜ ਦੇ ਸ਼ੁੱਭਚਿੰਤਕ ਅਤੇ ਮੈਗਜ਼ੀਨ 'ਸੈਣੀ ਸੰਸਾਰ' ਦੀ ਸੰਪਾਦਕੀ ਟੀਮ ਦੇ ਮੈਂਬਰ ਹਨ।





# ਆਜ਼ਾਦੀ ਦੇ 75 ਸਾਲ - ਦਸ਼ਾ ਅਤੇ ਦਿਸ਼ਾ

**ਗੁਰਬਿੰਦਰ ਸਿੰਘ ਮਾਣਕ (ਸੈਣੀ)**
**ਖਰਲ ਕਲਾਂ, ਜ਼ਿਲ੍ਹਾ ਜਲੰਧਰ**

ਕਿਸੇ ਦੇਸ਼ ਦੇ ਇਤਿਹਾਸ ਵਿੱਚ ਆਜ਼ਾਦੀ ਤੋਂ ਬਾਅਦ 75 ਸਾਲਾਂ ਦਾ ਸਮਾਂ ਕੋਈ ਥੋੜ੍ਹਾ ਨਹੀਂ ਹੁੰਦਾ। ਮਹੱਤਵਪੂਰਨ ਗੱਲ ਇਹ ਹੈ ਕਿ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਹੋ ਕੇ ਅਸੀ ਅਪਣੀ ਹੋਣੀ ਦੇ ਆਪ ਮਾਲਕ ਬਣੇ। ਮਨੁੱਖੀ ਮਨ ਵਿੱਚ ਆਜ਼ਾਦੀ ਦੀ ਤਾਂਘ ਤੇ ਤੜਪ ਦੇ ਅਹਿਸਾਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਇਸ ਨੂੰ ਤਾਂ ਕੇਵਲ ਮਾਣਿਆ ਹੀ ਜਾ ਸਕਦਾ ਹੈ। ਸਵਾਲ ਤਾਂ ਇਹ ਹੈ ਕਿ ਆਮ ਲੋਕਾਂ ਤੇ ਸ਼ਹੀਦਾਂ ਨੇ ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਦਿਆਂ ਜਿਹੜੇ ਸੁਪਨੇ ਸਿਰਜੇ ਸਨ, ਕੀ ਅਸੀ ਉਨ੍ਹਾਂ ਦੇ ਨੇੜੇ ਤੇੜੇ ਵੀ ਪਹੁੰਚ ਸਕੇ ਹਾਂ? ਉਂਜ ਸੁਆਲ ਤਾਂ ਇਹ ਵੀ ਬਣਦਾ ਹੈ ਕਿ ਆਜ਼ਾਦੀ ਦੇ ਏਨਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਕੀ ਦੇਸ਼ ਦੀ ਜਨਤਾ ਦੀ ਦਸ਼ਾ ਤੇ ਦਿਸ਼ਾ ਵਿੱਚ ਕੋਈ ਫਰਕ ਪਿਆ ਹੈ? ਅਸਲ ਗੱਲ ਇਹ ਹੈ ਕਿ ਇਸ ਆਜ਼ਾਦੀ ਦੀਆਂ 'ਬਰਕਤਾਂ' ਮੁੱਠੀ ਭਰ ਹੱਥਾਂ ਵਿੱਚ ਹੀ ਸਿਮਟ ਕੇ ਰਹਿ ਗਈਆਂ ਤੇ ਲੱਖਾਂ ਲੋਕ ਅੱਜ ਵੀ ਬੁਨਿਆਦੀ ਲੋੜਾਂ ਨੂੰ ਤਰਸਦੇ, ਆਪਣੀ ਹੋਣੀ 'ਤੇ ਝੂਰ ਰਹੇ ਹਨ।

ਭਾਰਤ ਮਾਤਾ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਜਿਨ੍ਹਾਂ ਸੂਰਬੀਰ ਦੇਸ਼ ਭਗਤਾਂ, ਯੋਧਿਆਂ ਤੇ ਸ਼ਹੀਦਾਂ ਨੇ ਆਪਣਾ ਆਪਾ ਕੁਰਬਾਨ ਕੀਤਾ, ਉਨਾਂ ਇਹ ਸੁਪਨਾ ਵੀ ਜ਼ਰੂਰ ਲਿਆ ਹੋਵੇਗਾ ਕਿ ਆਜ਼ਾਦੀ ਤੋਂ ਬਾਅਦ ਸਾਡਾ ਆਪਣਾ ਦੇਸ਼ ਅਤੇ ਆਪਣੀ ਸਰਕਾਰ ਹੋਵੇਗੀ ਜੋ ਆਮ ਆਦਮੀ ਦੇ ਦੁੱਖਾਂ-ਦਰਦਾਂ ਦੀ ਭਾਈਵਾਲ ਬਣੇਗੀ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਦੇਸ਼ 'ਤੇ ਰਾਜ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੇ ਲੋਕ ਭਲਾਈ ਦਾ ਨਕਾਬ ਪਾ ਕੇ, ਨਾ ਕੇਵਲ ਦੇਸ਼ ਨੂੰ ਦੋਵੀਂ ਹੱਥੀਂ ਲੁੱਟਿਆ ਹੀ, ਸਗੋਂ ਦੇਸ਼ ਦੇ ਲੋਕਾਂ ਨਾਲ ਵਾਦਿਆਂ ਤੇ ਦਾਅਵਿਆਂ ਦੇ ਰੰਗੀਨ ਅੰਬਾਰ ਸਿਰਜ ਕੇ ਮੂਰਖ ਬਣਾਇਆ। ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਵੱਡੇ ਸੰਘਰਸ਼ਾਂ, ਸ਼ਹੀਦੀਆਂ ਤੇ ਆਜ਼ਾਦੀ ਦੇ ਪਰਵਾਨਿਆਂ ਵੱਲੋਂ ਆਪਣਾ ਸਭ ਕੁਝ ਵਾਰ ਕੇ ਮਹਿੰਗੇ ਮੁੱਲ ਮਿਲੀ ਆਜ਼ਾਦੀ ਅੱਜ ਚੁਫੇਰਿਓਂ ਕਈ ਤਰਾਂ ਦੇ ਸੰਗੀਨ ਖਤਰਿਆਂ ਨਾਲ ਘਿਰ ਚੁੱਕੀ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀ ਹੋ ਸਕਦੀਆਂ ਕਿ ਆਜ਼ਾਦੀ ਤੋਂ ਬਾਅਦ ਦੇਸ਼ ਨੇ ਕਈ ਖੇਤਰਾਂ ਵਿਚ ਤਰੱਕੀ ਦੀਆਂ ਵੱਡੀਆਂ ਪੁਲਾਘਾਂ ਪੁੱਟੀਆਂ ਹਨ। ਵਿੱਦਿਆ, ਖੇਤੀਬਾੜੀ, ਸਨਅਤ, ਵਪਾਰ, ਆਵਾਜਾਈ, ਦੂਰਸੰਚਾਰ ਤੇ ਸੂਚਨਾ ਤਕਨਾਲੋਜੀ ਅਤੇ ਦੇਸ਼ ਦੀ ਸੁਰੱਖਿਆ ਨਾਲ ਸੰਬੰਧਿਤ ਖੇਤਰਾਂ ਵਿਚ ਦੇਸ਼ ਨੇ ਵਿਕਾਸ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਵਿਕਾਸ ਯੋਜਨਾਵਾਂ ਬਣਾਉਣ ਵਾਲਿਆਂ ਨੇ ਦੇਸ਼ ਦੇ ਕਰੋੜਾਂ ਆਮ ਲੋਕਾਂ ਨੂੰ ਨਜ਼ਰਅੰਦਾਜ਼ ਕਰਕੇ ਅਜਿਹੀਆਂ ਯੋਜਨਾਵਾਂ ਬਣਾਈਆਂ, ਜਿਨ੍ਹਾਂ ਦਾ ਲਾਭ ਬਹੁਤ ਘੱਟ ਲੋਕਾਂ ਨੂੰ ਪ੍ਰਾਪਤ ਹੋਇਆ। ਹੁਣ ਤੱਕ ਵਿਕਾਸ ਦੇ ਨਾਮ 'ਤੇ ਦੇਸ਼ ਦਾ ਅਰਬਾਂ-ਖ਼ਰਬਾਂ ਰੁਪਿਆ ਵੱਡੇ ਨੇਤਾਵਾਂ ਤੇ ਪੂੰਜੀਪਤੀਆਂ ਦੀਆਂ ਤਿਜੌਰੀਆਂ ਨੂੰ ਤਾਂ ਭਰਦਾ ਰਿਹਾ ਹੈ, ਪਰ ਆਮ ਆਦਮੀ ਦੀ ਝੋਲੀ ਖਾਲੀ ਦੀ ਖਾਲੀ ਰਹੀ ਹੈ। ਇੱਕ ਪਾਸੇ ਭੁੱਖਮਰੀ ਨਾਲ ਮੌਤਾਂ ਹੋ ਰਹੀਆਂ ਹਨ, ਕਰੋੜਾਂ ਲੋਕ ਭਿਆਨਕ ਬਿਮਾਰੀਆਂ ਨਾਲ ਗ੍ਰਸਤ ਹਨ, ਲੱਖਾਂ ਬੱਚੇ ਸਕੂਲ ਜਾਣ ਦੀ ਉਮਰੇ ਬਾਲ ਮਜ਼ਦੂਰੀ ਕਰਕੇ ਜੀਵਨ ਦੇ ਦਿਨ ਪੂਰੇ ਕਰਨ ਲਈ ਮਜ਼ਬੂਰ ਹਨ ।

ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਵਿੱਚ ਆਰਥਿਕ ਪਾੜਾ ਇਸ ਕਦਰ ਵਧਿਆ ਹੈ ਕਿ ਦੋ ਭਾਰਤ ਨਜ਼ਰ ਆਉਣ ਲੱਗੇ ਹਨ। ਇੱਕ ਭਾਰਤ ਦੇ ਬਸ਼ਿੰਦੇ ਐਸ਼ੋ-ਆਰਾਮ, ਦੌਲਤ ਤੇ ਜੀਵਨ ਦੀਆਂ ਮਹਿੰਗੀਆਂ ਤੋਂ ਮਹਿੰਗੀਆਂ ਸੁੱਖ-ਸਹੂਲਤਾਂ ਦੇ 'ਸਵਰਗ' ਵਿੱਚ ਵਿਚਰ ਰਹੇ ਹਨ, ਪਰ ਇੱਕ ਵਿਸ਼ਾਲ 'ਭਾਰਤ' ਅਜਿਹਾ ਵੀ ਹੈ, ਜਿਸ ਦੇ ਕਰੋੜਾਂ ਬਸ਼ਿੰਦੇ ਅਜੇ ਤੱਕ ਵੀ ਦੋ ਡੰਗ ਦੀ ਰੁੱਖੀ-ਸੁੱਖੀ ਰੋਟੀ, ਤਨ ਢਕਣ ਲਈ ਕੱਪੜਾ ਤੇ ਸਿਰ ਦੀ ਛੱਤ ਤੋਂ ਵਿਰਵੇ 'ਨਰਕ" ਭਰਿਆ ਜੀਵਨ ਕੱਟਣ ਲਈ ਮਜ਼ਬੂਰ ਹਨ। ਦੇਸ਼ ਦੇ ਪੂੰਜੀਪਤੀਆਂ ਦੀ ਸਭ ਤੋਂ ਉਪਰਲੀ ਪਰਤ ਦੀ ਦੱਸ ਫ਼ੀਸਦੀ ਗਿਣਤੀ ਕੋਲ ਦੇਸ਼ ਦੀ ਕੁੱਲ ਜਾਇਦਾਦ ਦਾ 52 ਫ਼ੀਸਦੀ ਹਿੱਸਾ ਹੈ ਜਦੋਂ ਕਿ 90 ਫ਼ੀਸਦੀ ਵਰਗ ਕੋਲ 48 ਫ਼ੀਸਦੀ ਜਾਇਦਾਦ ਹੈ। ਦੇਸ਼ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ ਦੇ ਜਸ਼ਨਾਂ ਵਿੱਚ ਰੁੱਝੇ ਹੋਏ ਦੇਸ਼ ਦੇ 'ਲੋਕ ਸੇਵਕਾਂ' ਨੂੰ ਆਪਣੀਆਂ ਪ੍ਰਾਪਤੀਆਂ ਦਾ ਢੰਡੋਰਾ ਪਿੱਟਣ ਦੇ ਨਾਲ ਨਾਲ ਇਹ ਦੱਸਣ ਦੀ ਜੁਅਰਤ ਵੀ ਕਰਨੀ ਚਾਹੀਦੀ ਹੈ ਕਿ, ਦੇਸ਼ ਦੀ ਵੱਡੀ ਗਿਣਤੀ ਲੋਕ ਜੇ ਅੱਜ ਵੀ ਆਜ਼ਾਦੀ ਦੀਆਂ 'ਰਹਿਮਤਾਂ' ਤੋਂ ਵਿਰਵੇ ਹਨ, ਤਾਂ ਇਸ ਦਾ ਜ਼ਿੰਮੇਵਾਰ ਕੌਣ ਹੈ? ਪਿਛਲੇ 75 ਸਾਲਾਂ ਵਿੱਚ ਦੇਸ਼ ਨੂੰ ਭ੍ਰਿਸ਼ਟਾਚਾਰ ਦਾ ਕੋਹੜ ਚਿੰਬੜਿਆ ਹੋਇਆ ਹੈ। ਸਿਆਸੀ ਨੇਤਾਵਾਂ ਤੇ ਅਫ਼ਸਰਸ਼ਾਹੀ ਦੇ ਗੱਠਜੋੜ ਨੇ ਲੋਕਾਂ ਦੇ ਧਨ ਨੂੰ ਦੋਵੀਂ ਹੱਥੀ ਲੁੱਟਿਆ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ 43 ਫ਼ੀਸਦੀ ਤੋਂ ਵੱਧ ਮੈਂਬਰ ਅਪਰਾਧਿਕ ਗਤੀਵਿਧੀਆਂ ਦੇ ਦੋਸ਼ੀ ਹਨ। 29 ਫ਼ੀਸਦੀ ਸੰਸਦ ਮੈਂਬਰ ਅਜਿਹੇ ਹਨ ਜਿੰਨ੍ਹਾਂ 'ਤੇ ਜਬਰਜਨਾਹ, ਹੱਤਿਆ , ਹੱਤਿਆ ਦੀ ਕੋਸ਼ਿਸ਼ ਤੇ ਔਰਤਾਂ 'ਤੇ ਜੁਲਮ ਕਰਨ ਵਰਗੇ ਸੰਗੀਨ ਦੋਸ਼ ਹਨ। ਦੇਸ਼ ਵਿੱਚ ਗਰੀਬੀ, ਭੁੱਖਮਰੀ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਅਨੇਕਾਂ ਘਾਟਾਂ ਨਾਲ ਕਰੋੜਾਂ ਨਾਗਰਿਕ ਜੂਝ ਰਹੇ ਹਨ। ਇਸ ਸਮੇਂ ਬੇਰੁਜ਼ਗਾਰੀ ਦੀ ਦਰ ਸਭ ਤੋਂ ਵੱਧ ਹੈ। ਹਰ ਸਾਲ ਦੋ ਕਰੋੜ ਨੌਕਰੀਆਂ ਦੇ ਵਾਅਦੇ ਵੀ ਜੁਮਲੇ ਹੀ

ਸਾਬਤ ਹੋਏ ਹਨ। ਹਾਲ ਹੀ ਵਿੱਚ ਸੰਸਦ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪਿਛਲੇ 8 ਸਾਲਾਂ ਵਿੱਚ 7 ਲੱਖ ਨੌਕਰੀਆਂ ਦਿੱਤੀਆਂ ਗਈਆਂ, ਜਦੋਂ ਕਿ ਬਿਨੈਕਾਰਾਂ ਦੀ ਗਿਣਤੀ 22 ਕਰੋੜ ਤੋਂ ਵੱਧ ਸੀ। ਐਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ 2018-2020 ਦੇ ਦੌਰਾਨ 9140 ਬੇਰੁਜ਼ਗਾਰਾਂ ਨੇ ਖੁਦਕੁਸ਼ੀ ਕੀਤੀ।

ਸਭ ਤੋਂ ਦੁੱਖਦਾਈ ਤੇ ਸ਼ਰਮਨਾਕ ਗੱਲ ਇਹ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੇ ਪੂਰੇ ਸਿਸਟਮ ਨੂੰ ਮਨਮਰਜ਼ੀ, ਲੋਕਰਾਜੀ ਰਵਾਇਤਾਂ ਨੂੰ ਛਿੱਕੇ ਟੰਗ ਕੇ, ਬਦਲਾ-ਲਊ ਤੇ ਹੰਕਾਰੀ ਵਿਹਾਰ ਦੇ ਰਾਹ ਤੋਰ ਕੇ, ਦੇਸ਼ ਦੇ ਮਾਹੌਲ ਨੂੰ ਸੰਕੀਰਨ, ਡਰਾਉਣਾ ਤੇ ਜ਼ਹਿਰੀਲਾ ਬਣਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਿਆ ਜਾ ਰਿਹਾ ਹੈ। ਹਰ ਗੱਲ ਨੂੰ ਕਿਸੇ ਵਿਸ਼ੇਸ਼ ਧਰਮ ਦੀ ਐਨਕ ਲਾ ਕੇ ਦੇਖਣ ਤੇ ਫਿਰਕੂ ਜ਼ਹਿਨੀਅਤ ਨੇ ਦੇਸ਼ ਦੇ ਮਾਹੌਲ ਨੂੰ ਬਹੁਤ ਸੰਕੀਰਨ ਤੇ ਖੌਫ਼ਜ਼ਦਾ ਕਰ ਦਿੱਤਾ ਹੈ। ਲੋਕਾਂ ਦੇ ਮੁੱਦਿਆਂ ਨੂੰ ਵਿਸਾਰ ਕੇ, ਸ਼ਹਿਰਾਂ ਦੇ, ਸੜਕਾਂ ਦੇ ਨਾਂ ਬਦਲੇ ਜਾ ਰਹੇ ਹਨ। ਹਰ ਮਸਜਿਦ ਵਿੱਚੋਂ ਹੀ ਹਿੰਦੂ ਵਿਰਾਸਤ ਦੇ ਚਿੰਨ੍ਹ ਲੱਭਣ ਦਾ ਰੌਲਾ ਪਾ ਕੇ ਫਿਰਕੂ ਨਫ਼ਰਤ ਫੈਲਾਈ ਜਾ ਰਹੀ ਹੈ। ਬਿਨਾ ਕਿਸੇ ਵਿਚਾਰ-ਵਟਾਂਦਰੇ ਦੇ ਮਨਮਾਨੇ ਢੰਗ ਨਾਲ ਫ਼ੈਸਲੇ ਠੋਸੇ ਜਾ ਰਹੇ ਹਨ। ਵਿਰੋਧੀ ਧਿਰਾਂ ਨੂੰ ਕਿਸੇ ਮੁੱਦੇ ਬਾਰੇ ਚਰਚਾ ਕਰਨ ਦਾ ਮੌਕਾ ਹੀ ਨਹੀ ਦਿੱਤਾ ਜਾ ਰਿਹਾ। ਸਰਕਾਰੀ ਏਜੰਸੀਆਂ ਦੇ ਡਰਾਵੇ ਨਾਲ ਵਿਰੋਧੀਆਂ ਦੀ ਆਵਾਜ਼ ਬੰਦ ਕੀਤੀ ਜਾ ਰਹੀ ਹੈ।

ਦੇਸ਼ ਭਗਤ ਯੋਧਿਆਂ ਨੇ ਧਰਮਾਂ, ਜਾਤਾਂ, ਫਿਰਕਿਆਂ ਤੇ ਹੋਰ ਕਿਸੇ ਵਿਤਕਰੇ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਖ਼ਾਤਰ ਆਪਣਾ ਖ਼ੂਨ ਵਹਾਇਆ ਸੀ। ਦੇਸ਼ ਦੀ ਵੰਨ -ਸੁਵੰਨਤਾ ਦੇ ਸਰੂਪ ਨੂੰ ਕਾਇਮ ਰੱਖ ਕੇ ਹੀ ਦੇਸ਼ ਵਿੱਚ ਆਪਸੀ ਸਾਂਝ ਤੇ ਸਦਭਾਵਨਾ ਦਾ ਮਹੌਲ ਸਿਰਜਿਆ ਜਾ ਸਕਦਾ ਹੈ। ਵਿਰੋਧ ਦੀ ਆਵਾਜ਼ ਉਠਾਉਣ ਵਾਲੇ ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਤੇ ਕਿਸਾਨਾਂ ਤੇ ਦੇਸ਼-ਧ੍ਰੋਹ ਦੇ ਕੇਸ ਦਰਜ ਕਰਕੇ ਸਰਕਾਰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਜਮਹੂਰੀ ਕਦਰਾਂ-ਕੀਮਤਾਂ ਦਾ ਗਲਾ ਘੁੱਟ ਰਹੀ ਹੈ। ਸਰਬਉਚ ਅਦਾਲਤਾਂ ਨੂੰ ਇਹ ਪੁਛਣਾ ਪਿਆ ਹੈ ਕਿ ਦੇਸ਼-ਧ੍ਰੋਹ ਦੇ ਬਸਤੀਵਾਦੀ ਕਾਨੂੰਨ ਨੂੰ, ਅਜ਼ਾਦੀ ਦੇ 75 ਸਾਲਾਂ ਬਾਅਦ ਵੀ ਸਰਕਾਰ ਕਿਉਂ ਨਹੀ ਬਦਲ ਸਕੀ?

ਦੇਸ਼ ਦੀ ਸਰਕਾਰ ਆਪਣੀ ਖਾਸ ਵਿਚਾਰਧਾਰਾ ਕਾਰਨ, ਲੋਕਾਂ ਦੀ ਸਹਿਮਤੀ ਤੋਂ ਬਿਨਾਂ ਹੀ, ਸਭ ਕੁਝ ਬਦਲਣ ਦੇ ਰਾਹ ਤੁਰੀ ਹੋਈ ਹੈ। ਅਨੇਕਾਂ ਰੰਗਾਂ ਦੇ ਇਸ ਖ਼ੂਬਸੂਰਤ ਗੁਲਦਸਤੇ ਨੂੰ ਇਕੋ ਰੰਗ, ਇਕੋ ਰੰਗਣ ਦੀ ਜ਼ਿੱਦ, ਇਸ ਦੇਸ਼ ਦੇ ਬੁਨਿਆਦੀ ਸਰੂਪ ਦੀਆਂ ਨੀਹਾਂ ਹਿਲਾਉਣ ਦੇ ਤੁਲ ਹੈ। ਦੇਸ਼ ਨੂੰ ਬਹੁ-ਕੌਮੀ ਕੰਪਨੀਆਂ ਤੇ ਕਾਰਪੋਰੇਟਾਂ ਦੇ ਹਵਾਲੇ ਕਰਕੇ ਆਮ ਲੋਕਾਂ ਦੇ ਭਵਿੱਖ ਨੂੰ ਤਾਂ ਕਾਲਾ ਕੀਤਾ ਹੀ ਜਾ ਰਿਹਾ ਹੈ, ਸਗੋਂ ਅਜ਼ਾਦੀ ਪਰਵਾਨਿਆਂ, ਸੂਰਬੀਰਾਂ, ਬਹਾਦਰਾਂ ਤੇ ਸ਼ਹੀਦਾਂ ਦੇ ਸੁਪਨਿਆਂ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ। ਵੱਡੇ ਵੱਡੇ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਪਿਛਲੇ 8 ਸਾਲਾਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨੇ ਮੀਡੀਆ ਦੇ ਸੁਆਲਾਂ ਦੇ ਜਵਾਬ ਦੇਣ ਤੋਂ ਟਾਲਾ ਵੱਟੀ ਰੱਖਿਆ ਹੈ। ਇਹ ਦੇਸ਼ ਸਭ ਦਾ ਸਾਂਝਾ ਹੈ ਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਅਨੇਕਾਂ ਸੂਰਬੀਰ ਯੋਧਿਆਂ ਨੇ ਆਪਣੀ ਜਾਨ ਕੁਰਬਾਨ ਕੀਤੀ ਹੈ।

ਇਸ ਲਈ ਜ਼ਰੂਰੀ ਹੈ ਕਿ ਭਾਈਚਾਰਿਆਂ ਵਿੱਚ ਨਫਰਤ ਅਤੇ ਹਿੰਸਾ ਨੂੰ ਜੜ੍ਹਾਂ ਜਮਾਉਣ ਤੋਂ ਰੋਕਣ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ। ਇਹ ਬਹੁਤ ਜ਼ਰੂਰੀ ਤੇ ਅਹਿਮ ਹੈ ਕਿ ਪੂਰੇ ਦੇਸ਼ ਵਿੱਚ ਭਰੋਸੇ, ਸਹਿਣਸ਼ੀਲਤਾ ਅਤੇ ਲਿਹਾਜ਼ ਵਾਲਾ ਮਾਹੌਲ ਬਣਿਆ ਰਹੇ। ਜਦੋ ਅਸੀਂ ਮਜ਼ਬੂਤ ਤੇ ਖੁਸ਼ਹਾਲ ਰਾਸ਼ਟਰ/ਕੌਮ ਦੇ ਰੂਪ ਵਿੱਚ ਅੱਗੇ ਵਧਦੇ ਹਾਂ ਤਾਂ ਸਾਡੀ ਸਰਕਾਰ/ਸਿਆਸਤ, ਆਰਜ਼ੀ ਤੌਰ 'ਤੇ ਵੀ ਹਰਗਿਜ਼ ਇਹ ਨਹੀਂ ਭੁੱਲ ਸਕਦੀ ਕਿ ਭਾਰਤ ਦੀ ਜ਼ੋਰਦਾਰ ਸਮਰੱਥਾ ਬੜੇ ਡੂੰਘੇ ਰੂਪ ਵਿੱਚ ਇਸ ਦੀ ਬਹੁਤ ਹੀ ਵਿਸ਼ਾਲ ਤੇ ਵੰਨਸੁਵੰਨਤਾ ਭਰੀ ਆਬਾਦੀ ਦੀ ਸਦਭਾਵਨਾ ਭਰੀ ਹੋਂਦ ਵਿੱਚ ਸਮਾਈ ਹੋਈ ਹੈ। ਇਸ ਤੋਂ ਕਿਸੇ ਵੀ ਤਰਾਂ ਦੀ ਥਿੜਕਣ ਤੇ ਭਟਕਣ ਦੇ ਸਿੱਟੇ ਬੇਹੱਦ ਤਬਾਹਕੁੰਨ ਹੋ ਸਕਦੇ ਹਨ।

❊ ❊ ❊ ❊ ❊



*** ਸੈਣੀ ਬਰਾਦਰੀ ਦੀ ਪ੍ਰਸਿੱਧ ਪੰਜਾਬੀ ਲਿਖਾਰੀ ਸ੍ਰੀਮਤੀ ਮਨਜੀਤ ਕੌਰ ਅੰਬਾਲਵੀ ਵਾਸੀ ਅੰਬਾਲਾ ਨੂੰ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵਲੋਂ ਸੰਤ ਤਰਨ ਸਿੰਘ ਵਹਿਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਰਾਜ ਪੱਧਰ ਦਾ ਸਨਮਾਨ ਹੈ ਜਿਸ ਵਿੱਚ ਇੱਕ ਲੱਖ ਰੁਪਏ, ਮੋਮੈਂਟੋ ਅਤੇ ਸ਼ਾਲ ਪ੍ਰਦਾਨ ਕੀਤਾ ਜਾਂਦਾ ਹੈ।



*** ਪ੍ਰਸਿੱਧ ਪੰਜਾਬੀ ਲੇਖਕਾ ਸੁਰਿੰਦਰ ਕੌਰ ਸੈਣੀ ਵਾਸੀ ਰੋਪੜ ਦੇ ਨਾਵਲ 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' 30 ਜੁਲਾਈ 2022 ਨੂੰ ਇਕ ਪ੍ਰਭਾਵਸ਼ਾਲੀ ਸਮਾਗਮ ਸਮੇਂ ਰਿਲੀਜ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਆਪ ਚਾਰ ਕਾਵਿ-ਸੰਗ੍ਰਹਿ, ਇਕ ਕਹਾਣੀ-ਸੰਗ੍ਰਹਿ ਅਤੇ ਤਿੰਨ ਨਾਵਲ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁਕੇ ਹਨ।



# ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਪੰਜਾਬੀਆਂ ਦਾ ਯੋਗਦਾਨ

**ਦਵਿੰਦਰ ਸਿੰਘ ਜਟਾਣਾ**

ਪੰਜਾਬ ਦੇ ਲੋਕਾਂ ਨੇ ਕਦੇ ਵੀ ਕਿਸੇ ਕਿਸਮ ਦੀ ਧੌਂਸ ਨੂੰ ਨਹੀਂ ਮੰਨਿਆਂ। ਉਹ ਹਰ ਬਾਹਰੀ ਜਾਂ ਸਾਮਰਾਜਵਾਦੀ ਧੌਂਸ ਤੋਂ ਨਾਬਰ ਰਹੇ ਹਨ। ਰਾਸ਼ਟਰਵਾਦੀ ਇਤਿਹਾਸਕਾਰਾਂ ਨੇ ਮਾਨਤਾ ਬਣਾਈ ਕਿ ਪੰਜਾਬ ਨੇ 1857 ਦੀ ਬਗਾਵਤ ਵਿੱਚ ਆਪਣਾ ਬਣਦਾ ਯੋਗਦਾਨ ਨਹੀਂ ਪਾਇਆ ਅਤੇ ਜੇਕਰ ਪੰਜਾਬ ਇਕ ਵਿਚ ਸਰਗਰਮ ਹੁੰਦਾ ਤਾਂ ਭਾਰਤ ਇਸ ਸਦੀ ਪਹਿਲਾਂ ਆਜ਼ਾਦ ਹੋ ਜਾਣਾ ਸੀ। ਜਦੋਂਕਿ ਹਕੀਕਤ ਇਹ ਹੈ ਕਿ ਪੰਜਾਬ ਵਿੱਚ ਵੱਡੀਆਂ ਬਗਾਵਤਾਂ ਹੋਈਆਂ ਸਨ ਜਿਨ੍ਹਾਂ ਦੀ ਜਾਣਕਾਰੀ ਸਾਮਰਾਜੀ ਹਿਤਾਂ ਤਹਿਤ ਦਬਾਅ ਦਿੱਤੀ ਗਈ ਸੀ। ਇਸ ਦਾ ਕਾਰਨ ਸੀ ਕਿ ਅੰਗ੍ਰੇਜ਼ਾਂ ਦਾ 1845-46 ਤੋਂ ਲੈ ਕੇ 1857 ਤੱਕ ਦਾ ਪੰਜਾਬ ਵਿੱਚ ਸਫ਼ਰ ਡਾਹਢਾ ਔਕੜਾਂ ਭਰਿਆ ਸੀ। ਜਿਹੜੇ ਅੰਗ੍ਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਪੰਜਾਬ 'ਤੇ ਕਾਬਜ਼ ਹੋਣ ਦੀਆਂ ਤਰਕੀਬਾਂ ਬਣਾ ਰਹੇ ਸਨ ਉਨ੍ਹਾਂ ਨੂੰ ਮਹਾਰਾਜੇ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿੱਚ ਫੈਲੀ ਅਰਾਜਕਤਾ ਅਤੇ ਬੁਰਛਾਗਰਦੀ ਨੇ ਵਧੀਆ ਮੌਕਾ ਪ੍ਰਦਾਨ ਕਰ ਦਿੱਤਾ। ਅੰਗ੍ਰੇਜ਼ਾਂ ਨੇ ਲਾਹੌਰ ਦਰਬਾਰ ਨੂੰ ਵੰਗਾਰਿਆ ਅਤੇ ਪਹਿਲਾ ਐਂਗਲੋ-ਸਿੱਖ ਯੁੱਧ 1845-46 ਵਿੱਚ ਹੋਇਆ। ਇਸ ਵਿੱਚ ਖਾਲਸਾ ਫੌਜ ਨੇ ਅੰਗ੍ਰੇਜ਼ਾਂ ਦੇ ਆਹੂ ਲਾਹ ਦਿੱਤੇ। ਮੁੱਦਕੀ ਅਤੇ ਫਿਰੋਜ਼ਪੁਰ ਦੀਆਂ ਲੜਾਈਆਂ ਅੰਗ੍ਰੇਜ਼ਾਂ ਲਈ ਕਿਆਮਤ ਤੋਂ ਘੱਟ ਨਹੀਂ ਸਨ। ਉਹ ਬਿਨਾਂ ਸ਼ਰਤ ਖਾਲਸਾ ਫੌਜ ਅੱਗੇ ਹਥਿਆਰ ਸੁਟਣ ਲਈ ਤਿਆਰ ਸਨ। ਅੰਗ੍ਰੇਜ਼ ਗਵਰਨਰ ਜਨਰਲ ਹੈਨਰੀ ਹਾਰਡਿੰਗ ਨੇ ਡਿਉਕ ਆਫ਼ ਵੈਲਿੰਗਟਨ ਦੁਆਰਾ ਤੋਹਫ਼ੇ ਵਜੋਂ ਦਿੱਤੀ ਤਲਵਾਰ ਧਰਤੀ 'ਤੇ ਰੱਖ ਦਿੱਤੀ ਸੀ ਕਿ ਸਭ ਕੁੱਝ ਖ਼ਤਮ ਹੋ ਗਿਆ ਹੈ। ਅੰਗ੍ਰੇਜ਼ਾਂ ਦੀ ਘਬਰਾਹਟ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਹਿਲੀ ਅਤੇ ਆਖ਼ਰੀ ਵਾਰ ਅੰਗ੍ਰੇਜ਼ ਗਵਰਨਰ ਜਨਰਲ ਖ਼ੁਦ ਕਮਾਂਡਰ-ਇੰਨ-ਚੀਫ ਦੀ ਕਮਾਂਡ ਹੇਠ ਲੜਿਆ ਸੀ। ਪਰ ਆਪਣਿਆਂ ਦੀ ਗਦਾਰੀ ਕਾਰਨ ਲਾਹੌਰ ਦਰਬਾਰ ਹਾਰ ਗਿਆ ਅਤੇ ਅੰਗ੍ਰੇਜ਼ ਲਾਹੌਰ ਅੰਦਰ ਦਾਖ਼ਲ ਹੋ ਗਏ। ਅੰਗ੍ਰੇਜ਼ਾਂ ਨੇ ਆਮ ਪੰਜਾਬੀਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਰਾਜ-ਗੱਦੀ ਦਾ ਮਾਲਕ ਬਾਲਕ ਦਲੀਪ ਸਿੰਘ ਨੂੰ ਪ੍ਰਵਾਨ ਕਰ ਲਿਆ ਅਤੇ ਮਹਾਰਾਣੀ ਜਿੰਦਾਂ ਨੂੰ ਰਾਜਪ੍ਰਬੰਧ ਤੋਂ ਦੂਰ ਰੱਖਣ ਵਾਸਤੇ ਚੋਣਵੇਂ ਸਰਦਾਰਾਂ ਦੀ ਕੌਂਸਲ ਬਣਾ ਦਿੱਤੀ ਪਰ ਫੈਸਲਾ ਅੰਗ੍ਰੇਜ਼ ਰੈਜ਼ੀਡੈਂਟ ਦੀ ਮਰਜ਼ੀ ਅਨੁਸਾਰ ਹੀ ਹੁੰਦਾ ਸੀ।

ਜਦੋਂ ਅੰਗ੍ਰੇਜ਼ਾਂ ਨੂੰ ਪਤਾ ਲੱਗਾ ਕਿ ਸਿੱਖ ਮਹਾਰਾਣੀ ਜਿੰਦਾਂ ਦੀ ਅਗਵਾਈ ਵਿੱਚ ਗੁਲਾਮੀ ਤੋਂ ਮੁਕਤੀ ਦੇ ਰਾਹ ਪੈ ਰਹੇ ਹਨ ਤਾਂ ਜਿੰਦਾਂ ਨੂੰ ਪੰਜਾਬ-ਬਦਰ ਕਰ ਦਿੱਤਾ ਅਤੇ ਉਸ ਦੇ ਕੁੱਝ ਸਹਿਯੋਗੀਆਂ ਨੂੰ ਫੜ ਕੇ ਸਜਾਵਾਂ ਦਿੱਤੀਆਂ। ਇਨ੍ਹਾਂ ਸਹਿਯੋਗੀਆਂ ਵਿੱਚ **ਭਾਈ ਮਹਾਰਾਜ ਸਿੰਘ** ਵੀ ਸ਼ਾਮਲ ਸਨ ਜੋ ਗ੍ਰਿਫਤਾਰੀ ਤੋਂ ਬਚਣ ਲਈ ਰੂਪੋਸ਼ ਹੋ ਗਏ ਅਤੇ ਅੰਗ੍ਰੇਜ਼ਾਂ ਵਿਰੁੱਧ ਜੱਦੋਜਹਿਦ ਕਰਦੇ ਰਹੇ। ਮਹਾਰਾਜ ਸਿੰਘ ਜੀ ਦਾ ਇੱਕ ਸੇਵਕ ਗੰਡਾ ਸਿੰਘ ਆਪਣੇ ਅੱਠ ਸਾਥੀਆਂ ਸਮੇਤ ਹਰਿਮੰਦਰ ਸਾਹਿਬ ਪਾਸ ਰਾਮਗੜ੍ਹੀਆ ਬੁੰਗੇ ਵਿੱਚ ਅੰਗ੍ਰੇਜ਼ੀ ਫੌਜ ਦਾ ਮੁਕਾਬਲਾ ਕਰਦਿਆਂ ਫੜਿਆ ਗਿਆ ਜਿਨ੍ਹਾਂ ਵਿੱਚੋਂ ਤਿੰਨ ਨੂੰ 19 ਅਪ੍ਰੈਲ, 1848 ਨੂੰ ਫਾਂਸੀ ਹੋਈ ਅਤੇ ਛੇ ਨੂੰ ਡੰਡੇ ਬੇੜੀ ਸਹਿਤ ਸੱਤ ਸਾਲ ਦੀ ਕੈਦ ਹੋਈ। ਇੰਜ ਅਕਾਲੀ ਗੰਡਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਮਾਤ-ਭੂਮੀ ਨੂੰ ਵਿਦੇਸ਼ੀ ਗੁਲਾਮੀ ਤੋਂ ਮੁਕਤੀ ਦਿਵਾਉਣ ਲਈ ਜੋ ਪੈੜਾਂ ਪਾਈਆਂ ਪੰਜਾਬੀ ਅਗਲੀ ਪੂਰੀ ਸਦੀ ਉਨ੍ਹਾਂ 'ਤੇ ਬੇਖ਼ੌਫ਼ ਹੋ ਕੇ ਚੱਲਦੇ ਰਹੇ। ਮਾਰਚ,1849 ਵਿੱਚ ਦੂਜੀ ਐਂਗਲੋ-ਸਿੱਖ ਜੰਗ ਵਿੱਚ ਸਿੱਖਾਂ ਨੂੰ ਹਰਾ ਕੇ ਅੰਗ੍ਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ। ਭਾਈ ਮਹਾਰਾਜ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਨੂੰ ਅੰਗ੍ਰੇਜ਼ਾਂ ਤੋਂ ਮੁਕਤ ਕਰਵਾਉਣ ਅਤੇ ਪੰਜਾਬ ਦੀਆਂ ਛਾਉਣੀਆਂ ਤੇ ਖਜ਼ਾਨਿਆਂ 'ਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ ਪਰ ਇਸ ਦੌਰਾਨ ਹੀ 29 ਦਸੰਬਰ, 1849 ਨੂੰ ਗ੍ਰਿਫਤਾਰ ਕਰ ਲਏ ਗਏ ਅਤੇ ਸਿੰਘਾਪੁਰ ਭੇਜ ਦਿੱਤਾ ਗਿਆ ਜਿੱਥੇ ਉਹ 5 ਜੁਲਾਈ, 1856 ਨੂੰ ਅਕਾਲ ਚਲਾਣਾ ਕਰ ਗਏ।



ਇਸ ਤੋਂ ਬਾਅਦ 1857 ਦੇ ਗਦਰ ਦੌਰਾਨ ਪੰਜਾਬ ਅੰਦਰ ਬਗਾਵਤਾਂ ਹੋਈਆਂ। ਅੰਬਾਲਾ, ਲੁਧਿਆਣਾ, ਲਾਹੌਰ, ਸਿਆਲਕੋਟ, ਫਿਰੋਜ਼ਪੁਰ, ਜਲੰਧਰ, ਨਾਲ਼ਾਗੜ੍ਹ ਅਤੇ ਕਸੌਲੀ ਦੀਆਂ ਘਟਨਾਵਾਂ ਇਸ ਮਿੱਥ ਨੂੰ ਤੋੜਦੀਆਂ ਹਨ ਕਿ ਪੰਜਾਬ ਸ਼ਾਂਤ ਰਿਹਾ। ਝੱਜਰ ਅਤੇ ਦਾਦਰੀ ਦੇ ਨਵਾਬ, ਰਿਉੜੀ ਦੇ ਰਾਉ, ਬਲਬਗੜ੍ਹ ਦੇ ਰਾਜਾ,ਮਿਉ ਨੇਤਾ ਜੱਟ ਅਤੇ ਰੰਘੜ ਅਤੇ ਖਾਸਕਰ ਖਰਲ,ਵੱਟੂ, ਕੁਰੈਸ਼ੀ ਅਤੇ ਸਿਆਲ ਕਬੀਲਿਆਂ ਨੇ ਪੰਜਾਬੀਆਂ ਦੀ ਨਾਬਰੀ ਦੀ ਝੰਡਾਬਰਦਾਰੀ ਕੀਤੀ। ਅੰਗ੍ਰੇਜ਼ਾਂ ਦੀਆਂ ਰਿਪੋਰਟਾਂ ਅਨੁਸਾਰ ਲਾਹੌਰ ਅਤੇ ਮੁਲਤਾਨ ਵਿਚਕਾਰ ਵਸਣ ਵਾਲੀਆਂ ਸਾਰੀਆਂ 'ਜੰਗਲੀ ਵਾਹਰਾਂ' ਬਾਗੀ ਹੋ ਗਈਆਂ ਸਨ। ਬਾਰ ਵਿੱਚ ਅਹਿਮਦ ਖਾਨ ਖ਼ਰਲ ਦੀ ਬਹਾਦਰੀ ਦੇ ਢੋਲੇ ਗਾਏ ਗਏ ਅਤੇ ਅਜਨਾਲੇ ਦੇ

ਖੂਹ ਵਾਲੀ ਬਰਬਰਤਾ ਵਾਪਰੀ। ਭਾਵੇਂ ਪੰਜਾਬ ਵਿੱਚ ਬਾਕੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਫ਼ੌਜ ਦੀ ਮੌਜੂਦਗੀ ਅਤੇ ਬਿਹਤਰੀਨ ਅਫ਼ਸਰਾਂ ਦੀ ਤਾਇਨਾਤੀ ਅਤੇ ਕੁੱਝ ਦੇਸੀ ਰਿਆਸਤਾਂ ਦੀ ਅੰਗ੍ਰੇਜ਼ਾਂ ਪ੍ਰਤਿ ਵਫ਼ਾਦਾਰੀ ਕਾਰਨ ਇਹ ਵਿਦਰੋਹ ਦਬਾਅ ਦਿੱਤਾ ਗਿਆ।

ਆਜ਼ਾਦੀ ਸੰਗ੍ਰਾਮ ਵਿੱਚ ਅਗਲਾ ਮਰਹੱਲਾ ਕੂਕਾ ਲਹਿਰ ਦੇ ਬਾਨੀ **ਬਾਬਾ ਰਾਮ ਸਿੰਘ** ਜੋੜਦੇ ਹਨ। ਉਨ੍ਹਾਂ ਨੇ 12 ਅਪ੍ਰੈਲ, 1857 ਨੂੰ ਕੂਕਾ ਸੰਪਰਦਾਇ ਦੀ ਸਥਾਪਨਾ ਕੀਤੀ। ਇਸ ਲਹਿਰ ਨੇ ਨਾ ਸਿਰਫ ਸਿੱਖ ਸਮਾਜ ਵਿੱਚ ਆਈਆਂ ਕੁਰੀਤੀਆਂ ਨੂੰ ਦੂਰ ਕਰ ਕੇ ਲੋਕਾਂ ਨੂੰ ਦੁਬਾਰਾ ਸਿੱਖ ਧਰਮ ਦੀਆਂ ਮੁਢਲੀਆਂ ਸਾਦੀਆਂ ਰਵਾਇਤਾਂ ਨਾਲ ਮੋੜਦਿਆਂ ਇੱਕ ਨਰੋਆ ਸਮਾਜ ਸਿਰਜਣ ਦੀ ਕੋਸ਼ਿਸ਼ ਕੀਤੀ ਸਗੋਂ ਪੰਜਾਬ ਵਿੱਚ ਅਤਿ ਲੋੜੀਂਦੀ ਰਾਜਨੀਤਿਕ ਚੇਤਨਾ ਵੀ ਪੈਦਾ ਕੀਤੀ। ਬਾਬਾ ਰਾਮ ਸਿੰਘ ਨਾਮਿਲਵਰਤਨ ਲਹਿਰ ਦੇ ਮੋਢੀ ਸਨ ਕਿਉਂਕਿ ਉਨ੍ਹਾਂ ਨੇ ਅੰਗ੍ਰੇਜ਼ਾਂ ਦੇ ਡਾਕ-ਪ੍ਰਬੰਧ, ਰੇਲ ਪ੍ਰਬੰਧ ਅਤੇ ਵਿਦੇਸ਼ੀ ਵਸਤੂਆਂ ਦੇ ਬਾਈਕਾਟ ਦਾ ਨਾਹਰਾ ਲਾ ਕੇ ਸਵਦੇਸ਼ੀ ਪ੍ਰਬੰਧ ਚਲਾਇਆ। ਇਸ ਕਰ ਕੇ ਅੰਗ੍ਰੇਜ਼ ਅਫ਼ਸਰ ਕੂਕਿਆਂ ਤੋਂ ਭੈਅਭੀਤ ਸਨ ਜਿਸ ਤਹਿਤ ਜਨਵਰੀ, 1872 ਵਿੱਚ ਬਾਬਾ ਰਾਮ ਸਿੰਘ ਨੂੰ ਬਰਮਾ ਵਿੱਚ ਜਲਾਵਤਨੀ ਹੋਈ ਪਰ ਉਨ੍ਹਾਂ ਦੇ ਪੈਰੋਕਾਰ ਸਰਕਾਰ ਲਈ ਨਿਰੰਤਰ ਸਿਰਦਰਦੀ ਬਣੇ ਰਹੇ ਜਿਸ ਕਾਰਨ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ।



19ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਸ਼ੁਰੂ ਹੋਏ ਰਾਸ਼ਟਰੀ ਅੰਦੋਲਨਾਂ ਵਿੱਚ ਵੀ ਪੰਜਾਬ ਨੇ ਵਧ ਚੜ੍ਹ ਕੇ ਹਿੱਸਾ ਪਾਇਆ। 1885-1905 ਦੌਰਾਨ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਾਲਾਨਾ ਇਜਲਾਸਾਂ ਵਿੱਚ ਲਾਲਾ ਮੁਰਲੀਧਰ, ਬਖਸ਼ੀ ਟੇਕ ਚੰਦ, ਲਾਲਾ ਕਨ੍ਹਈਆ ਲਾਲ, ਲਾਲਾ ਲਾਜਪਤ ਰਾਏ, ਬਖ਼ਸ਼ੀ ਜੈਸੀ ਰਾਮ, ਲਾਲਾ ਬੇਨੀ ਪ੍ਰਸ਼ਾਦ, ਲਾਲਾ ਦਵਾਰਕਾ ਪ੍ਰਸ਼ਾਦ, ਚੋਧਰੀ ਰਾਮ ਭੱਜ ਦੱਤ, ਲਾਲਾ ਧਰਮ ਦਾਸ, ਪ੍ਰਤਾਪ ਸਿੰਘ ਸੋਢੀ, ਲਾਲਾ ਸੰਗਮ ਲਾਲ, ਸਰਦਾਰ ਮਾਨ ਸਿੰਘ, ਮੁਹਰਮ ਅਲੀ, ਚਿਸ਼ਤੀ ਅਤੇ ਸ਼ੇਖ ਉਮਰ ਬਖਸ਼ ਜਿਹੇ ਪੰਜਾਬੀ ਨੇਤਾ ਸਰਗਰਮ ਰਹੇ। ਸਵਦੇਸ਼ੀ ਅੰਦੋਲਨ ਤਹਿਤ 1880ਵਿਆਂ ਵਿੱਚ ਹੀ ਪੰਜਾਬ ਵਿੱਚ ਸਵਦੇਸ਼ੀ ਵਸਤੂ ਸਭਾ ਕੰਮ ਕਰ ਰਹੀ ਸੀ। 1893 ਵੇਂ ਵਿੱਚ ਲਾਹੌਰ ਵਿੱਚ ਮੂਲ ਰਾਜ ਸਵਦੇਸ਼ੀ ਪੰਚਾਇਤ ਬਣੀ ਜਿਸ ਰਾਹੀਂ ਪੰਜਾਬੀ ਲਾਲਾ ਮੁਰਲੀਧਰ, ਸ਼੍ਰੀ ਟਹਿਲ ਰਾਮ ਅਤੇ ਸਰ ਗੰਗਾ ਰਾਮ ਨੇ ਪ੍ਰਚਾਰ ਕੀਤਾ ਕਿ ਹਰੇਕ ਆਦਮੀ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਨੂੰ ਸਵਦੇਸ਼ੀ ਵਸਤੂਆਂ ਵਰਤਣ ਲਈ ਉਤਸ਼ਾਹਿਤ ਕਰੇ। 1906 ਵਿੱਚ ਅੰਜੂਮਨ-ਏ-ਮਹਿਬਾਨ ਬਣੀ ਜਿਸ ਦੇ ਪ੍ਰਮੁੱਖ ਨੇਤਾ **ਅਜੀਤ ਸਿੰਘ**, ਸੂਫ਼ੀ ਅੰਬਾ ਪ੍ਰਸ਼ਾਦ, ਲਾਲ ਚੰਦ ਫ਼ਲਕ ਅਤੇ ਲਾਲਾ ਲਾਜਪਤ ਰਾਏ ਨੇ ਅੰਗ੍ਰੇਜ਼ਾਂ ਪ੍ਰਤਿ ਪੰਜਾਬੀ ਵਿਦਰੋਹ ਨੂੰ ਹੋਰ ਪ੍ਰਬਲ ਕੀਤਾ। 1906 ਵਿੱਚ ਬਣੇ ਅਬਾਦਕਾਰੀ ਕਾਨੂੰਨ ਵਿਰੁੱਧ 'ਪਗੜੀ ਸੰਭਾਲ ਜੱਟਾ' ਲਹਿਰ ਤਹਿਤ ਲਾਹੌਰ ਅਤੇ ਲਾਇਲਪੁਰ, ਗੋਜਰੇ ਵਿੱਚ ਵਿਸ਼ਾਲ ਇਕੱਠ ਹੋਏ। ਅੰਗ੍ਰੇਜ਼ਾਂ ਨੂੰ ਸਿੱਖ ਸਿਪਾਹੀਆਂ ਦੀ ਬਗਾਵਤ ਦਾ ਡਰ ਸਤਾਉਣ ਲੱਗਾ। ਅਖੀਰ ਇਹ ਕਾਨੂੰਨ ਰੱਦ ਹੋਇਆ। ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੀ ਰਿਹਾਈ ਹੋਈ। ਪੰਜਾਬੀਆਂ ਦੀ ਜਿੱਤ ਹੋਈ ਜਿਸ ਨਾਲ ਉਨ੍ਹਾਂ ਅੰਦਰ ਵਿਦਰੋਹ ਦੀ ਭਾਵਨਾ ਪ੍ਰਬਲ ਹੋਈ। 1909 ਵਿੱਚ ਹੀ ਪੰਜਾਬੀ ਨੌਜਵਾਨ ਮਦਨ ਲਾਲ ਢੀਂਗਰਾ ਨੇ ਅੰਗ੍ਰੇਜ਼ ਅਫਸਰ ਕਰਜ਼ਨ ਵੈਲ਼ੀ ਨੂੰ ਗੋਲੀਆਂ ਨਾ ਭੁੰਨ ਕੇ ਆਜ਼ਾਦੀ ਦੀ ਅੱਗ ਨੂੰ ਪ੍ਰਜਵਲਿਤ ਕੀਤਾ।



1913 ਵਿੱਚ ਗਦਰ ਪਾਰਟੀ ਦੀ ਸਥਾਪਨਾ ਨਾਲ ਪੰਜਾਬ ਦਾ ਕ੍ਰਾਂਤੀਕਾਰੀ ਅੰਦੋਲਨ ਇੱਕ ਨਵੇਂ ਪੜਾਅ ਵਿੱਚ ਦਾਖਲ ਹੋਇਆ। ਇਸ ਸੰਗਠਨ ਦੇ ਮੋਹਰੀ ਬਾਨੀਆਂ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਕੇਡਰ ਵਿੱਚ ਪੰਜਾਬੀਆਂ ਦੀ ਸ਼ਮੂਲੀਅਤ ਸੀ। ਇਸ ਸੰਗਠਨ ਨੇ 1857 ਤੋਂ ਬਾਅਦ ਪਹਿਲੀ ਵਾਰ ਇੱਕ ਦੇਸ਼ਵਿਆਪੀ ਹਥਿਆਰਬੰਦ ਬਗਾਵਤ ਦਾ ਪ੍ਰੋਗਰਾਮਾ ਉਲੀਕਿਆ। ਗਦਰੀਆਂ ਨੇ ਨਾ ਸਿਰਫ਼ ਅੰਗ੍ਰੇਜ਼ਾਂ ਵਿਰੁੱਧ ਬਗਾਵਤ ਦਾ ਸੁਪਨਾ ਵੇਖਿਆ ਬਲਕਿ ਗੁਰਬਤ,ਪੇਂਡੂ ਕਰਜ਼ਦਾਰੀ, ਅੰਗ੍ਰੇਜ਼ਾਂ ਦੀ ਗੁਲਾਮੀ ਅਤੇ ਧਰਮ-ਭਾਸ਼ਾਵਾਂ ਦੇ ਨਾਂ 'ਤੇ ਪਾਈਆਂ ਜਾ ਰਹੀਆਂ ਵੰਡੀਆਂ ਨੂੰ ਵੀ ਵੰਗਾਰਿਆ। ਕੌਮਾ ਗਾਟਾਮਾਰੂ ਦੀ ਘਟਨਾ ਨੇ ਪੰਜਾਬ ਵਿੱਚ ਅੰਗ੍ਰੇਜ਼ਾਂ ਪ੍ਰਤਿ ਨਫ਼ਰਤ ਦੀ ਭਾਵਨਾ ਨੂੰ ਹੋਰ ਪੱਕਿਆਂ ਕੀਤਾ। ਚਾਹੇ ਗੱਦਾਰੀ, ਜਥੇਬੰਦਕ ਸਮੱਸਿਆ ਅਤੇ ਸਾਧਨਾਂ ਦੀ ਕਮੀ ਕਾਰਨ ਇਹ ਅੰਦੋਲਨ ਦਬਾਅ ਦਿੱਤਾ ਗਿਆ ਪਰ ਇਹ ਅੰਦੋਲਨ ਆਜ਼ਾਦੀ ਦੇ ਰਹਿੰਦੇ ਸਫ਼ਰ ਲਈ ਚਾਨਣਮੁਨਾਰਾ ਬਣਿਆਂ। ਗਦਰੀ ਬਗਾਵਤ ਨਾਲ ਸਬੰਧਿਤ ਭਿੰਨ ਭਿੰਨ ਮੁਕੱਦਮਿਆਂ ਵਿੱਚ 36 ਗਦਰੀਆਂ ਨੂੰ ਫਾਂਸੀ ਅਤੇ 70 ਨੂੰ ਉਮਰ ਕੈਦ ਕਾਲੇਪਾਣੀ ਦੀਆਂ ਸਜ਼ਾਵਾਂ ਤੋਂ ਹੀ ਇਸ ਲਹਿਰ ਦੀ ਵਿਸ਼ਾਲਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਲਹਿਰ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ, ਬਾਬਾ ਸੋਹਨ ਸਿੰਘ ਭਕਨਾ, ਗੁਰਮੁਖ ਸਿੰਘ ਲਲਤੋਂ, ਬਾਬਾ ਬੂਝਾ ਸਿੰਘ, ਬੀਬੀ ਗੁਲਾਬ ਕੌਰ, ਕਾਸ਼ੀ ਰਾਮ ਪੜੌਲੀ, ਕਰਤਾਰ ਸਿੰਘ ਢੁਕੀ ਪ੍ਰਮੁੱਖ ਦੇਸ਼ ਭਗਤ ਸਨ।

ਅੰਗ੍ਰੇਜ਼ ਸਰਕਾਰ ਵਲੋਂ ਪਾਸ ਕੀਤੇ ਗਏ ਰੋਲਟ ਐਕਟ ਦੇ ਵਿਰੋਧ ਦਾ ਕੇਂਦਰ ਵੀ ਪੰਜਾਬ ਹੀ ਬਣਿਆਂ ਅਤੇ 13 ਅਪ੍ਰੈਲ, 1919 ਨੂੰ ਜੱਲ੍ਹਿਆਂ ਵਾਲੇ ਬਾਗ ਦਾ ਹੱਤਿਆਕਾਂਡ

ਵਰਤਿਆ। ਇਸ ਵਿੱਚ ਜਨਰਲ ਡਾਇਰ ਅਧੀਨ ਸਿਪਾਹੀਆਂ ਨੇ ਕਈ ਸੈਕੜੇ ਸ਼ਾਂਤਮਈ ਮੁਸਲਿਮ, ਹਿੰਦੂ ਤੇ ਸਿੱਖ ਨਿਹੱਥੇ ਪੰਜਾਬੀ ਗੋਲੀਆਂ ਨਾਲ ਭੁੰਨ ਦਿੱਤੇ ਗਏ। ਇਸ ਹੱਤਿਆ ਕਾਂਡ ਦਾ ਬਦਲਾ 1940 ਵਿੱਚ ਸ਼ਹੀਦ ਉਧਮ ਸਿੰਘ ਨੇ ਮਾਈਕਲ ਓਡਵਾਇਰ ਨੂੰ ਮਾਰ ਕੇ ਲਿਆ। ਪੰਜਾਬੀ ਨੇਤਾ ਡਾ. ਸੱਤਪਾਲ ਅਤੇ ਡਾ. ਸੈਫੂਦੀਨ ਦੀ ਅਗਵਾਈ ਵਿੱਚ ਚੱਲੇ ਇਸ ਅੰਦੋਲਨ ਨੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ। ਫਿਰ ਭਾਵੇਂ ਗਾਂਧੀ ਜੀ ਦੀ 1921 ਦੀ ਨਾਮਿਲਵਰਤਨ ਲਹਿਰ ਸੀ, ਭਾਵੇਂ 1931 ਦੀ ਸਿਵਲ ਨਾਫੁਰਮਾਨੀ ਲਹਿਰ ਭਾਵੇਂ 1942 ਦਾ ਭਾਰਤ ਛੱਡੋ ਅੰਦੋਲਨ ਹਰ ਮੌਕੇ ਪੰਜਾਬੀ ਦੇਸ਼ਵਾਸੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਏ। 1920 ਵਿੱਚ ਸ਼ੁਰੂ ਹੋਏ ਅਕਾਲੀ ਅੰਦੋਲਨ ਜਾਂ ਗੁਰਦੁਆਰਾ ਸੁਧਾਰ ਲਹਿਰ ਨਾਲ ਪੰਜਾਬ ਤੇ ਖਾਸ ਕਰ ਸਿੱਖਾਂ ਦੇ ਜੰਗਜੂ ਅਕਸ ਦਾ ਨਵਾਂ ਰੂਪ ਸਾਹਮਣੇ ਆਇਆ। ਇਸ ਕੌਮ ਨੇ ਬੇਹੱਦ ਜਾਬਤੇ ਵਿੱਚ ਰਹਿ ਕੇ ਜ਼ੁਲਮ ਦਾ ਸਾਹਮਣਾ ਕੀਤਾ ਅਤੇ ਆਪਣੇ ਗੁਰਦੁਆਰਿਆਂ ਨੂੰ ਅੰਗ੍ਰੇਜ਼ਾਂ ਦੇ ਏਜੰਟਾਂ ਦੇ ਰੂਪ ਵਿੱਚ ਕੰਮ ਕਰ ਰਹੇ ਮਹੰਤਾਂ ਤੋਂ ਅਜ਼ਾਦ ਕਰਵਾਇਆ।ਜਿਸ ਕਾਰਨ ਚਾਬੀਆਂ ਦੇ ਮੋਰਚੇ ਤੋਂ ਬਾਅਦ ਗ੍ਰੰਥੀ ਜੀ ਨੇ ਕਿਹਾ ਕਿ ਆਜ਼ਾਦੀ ਦੇ ਸੰਗ੍ਰਾਮ ਦਾ ਪਹਿਲਾ ਮੋਰਚਾ ਜਿਤ ਲਿਆ ਗਿਆ ਹੈ। ਇਸ ਨੇ ਪੰਜਾਬ ਵਿੱਚ ਇੱਕ ਨਵੀਂ ਰਾਜਨੀਤਿਕ ਚੇਤਨਾ ਪੈਦਾ ਕੀਤੀ ਅਤੇ ਆਜ਼ਾਦੀ ਸੰਗ੍ਰਾਮ ਨੂੰ ਸ਼ਹਿਰੀ ਕੁਲੀਨ ਵਰਗ ਦੇ ਗ਼ਲਬੇ ਵਿੱਚੋਂ ਕੱਢ ਕੇ ਪਿੰਡਾਂ ਦੀਆਂ ਜੂਹਾਂ ਤੱਕ ਲੈ ਗਿਆ।

ਦੋਵਾਂ ਸੰਸਾਰ ਜੰਗਾਂ ਦੇ ਦਰਮਿਆਨ ਪੰਜਾਬ ਵਿੱਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਲਾਮਿਸਾਲ ਕਾਰਵਾਈਆਂ ਤੇ ਫਿਰ ਅਦੁਤੀ ਸ਼ਹਾਦਤ ਨੇ ਪੰਜਾਬੀ ਅਤੇ ਹਿੰਦੋਸਤਾਨੀ ਮਾਨਸਿਕਤਾ ਨੂੰ ਝੰਜੋੜਿਆ। ਇਨ੍ਹਾਂ ਸੂਰਬੀਰ ਯੋਧਿਆਂ ਨੇ ਰਾਜਨੀਤਿਕ ਗਤੀਵਿਧੀਆਂ ਵਿੱਚ ਆਈ ਖੜੋਤ ਵਿੱਚ ਹਲਚਲ ਪੈਦਾ ਕਰ ਦਿੱਤੀ ਜਿਸ ਨਾਲ ਅੰਗ੍ਰੇਜ਼ਾਂ ਅਤੇ ਪੂਰੇ ਭਾਰਤ ਦੀਆਂ ਨਜ਼ਰਾਂ ਪੰਜਾਬ 'ਤੇ ਕੇਂਦਰਿਤ ਹੋ ਗਈਆਂ। ਤੀਹਵਿਆਂ ਵਿੱਚ ਬੱਬਰ ਅਕਾਲੀਆਂ ਦੀਆਂ ਕਾਰਵਾਈਆਂ ਨੇ ਅੰਗ੍ਰੇਜ਼ਾਂ ਅਤੇ ਉਨ੍ਹਾਂ ਦੇ ਪਿੱਠੂਆਂ ਦੇ ਮਨਾਂ ਅੰਦਰ ਸਹਿਮ ਪੈਦਾ ਕੀਤਾ ਅਤੇ ਕ੍ਰਾਂਤੀ ਦੀ ਗੜਗੱਜਵੀਂ ਆਵਾਜ਼ ਸੁਣਨ ਨੂੰ ਮਿਲੀ। 1930 ਦੇ ਦਹਾਕੇ ਵਿੱਚ ਪੰਜਾਬ ਅੰਦਰ ਉੱਠੀਆਂ ਲੋਕ-ਲਹਿਰਾਂ ਅਤੇ ਕਿਸਾਨੀ ਮੋਰਚਿਆਂ ਨੇ ਪੰਜਾਬੀਆਂ ਦੀਆਂ ਬਾਗੀ ਸੁਰਾਂ ਨੂੰ ਤੇਜ਼ ਕੀਤਾ। ਨੀਲੀ ਬਾਰ ਦੇ ਮੋਰਚੇ, ਅੰਮ੍ਰਿਤਸਰ ਦੇ ਮੋਰਚੇ, ਗੁਰਦਾਸਪੁਰ ਦੀ ਮੁਜ਼ਾਰਾ ਲਹਿਰ, ਲਾਹੌਰ, ਟਾਂਡਾ ਉੜਮੁੜ ਅਤੇ ਹਰਸ਼ਾ ਛੀਨਾ ਦੇ ਮੋਰਚਿਆਂ ਨੇ ਕਿਸਾਨੀ ਨੂੰ ਜਥੇਬੰਦ ਕੀਤਾ।

ਅਜ਼ਾਦੀ ਸੰਗ੍ਰਾਮ ਵਿੱਚ ਆਜ਼ਾਦ ਹਿੰਦ ਫੌਜ ਦਾ ਯੋਗਦਾਨ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਦਾ ਬੀਜ ਵੀ ਗਦਰੀ ਪੰਜਾਬੀ ਇਨਕਲਾਬੀਆਂ ਗਿਆਨੀ ਪ੍ਰੀਤਮ ਸਿੰਘ ਅਤੇ ਬਾਬਾ ਅਮਰ ਸਿੰਘ ਵਲੋਂ ਬੈਂਕਾਕ ਵਿੱਚ ਸਥਾਪਤ ਕੀਤੀ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਰੂਪ ਵਿੱਚ ਬੀਜਿਆ ਗਿਆ ਜਿਸ ਨੂੰ ਜਨਰਲ ਮੋਹਨ ਸਿੰਘ ਨੇ 1 ਸਤੰਬਰ, 1942 ਨੂੰ ਆਜ਼ਾਦ ਹਿੰਦ ਫੌਜ ਦਾ ਨਾਮ ਦਿੱਤਾ। ਛੇਤੀ ਹੀ ਭਾਰਤੀ ਬ੍ਰਿਟਿਸ਼ ਜੰਗੀ ਕੈਦੀਆਂ ਦੇ ਕੰਟਰੋਲ ਅਤੇ ਆਜ਼ਾਦ ਹਿੰਦ ਫੌਜ ਦੇ ਸੁਤੰਤਰ ਰੋਲ ਨੂੰ ਲੈ ਕੇ ਜਾਪਾਨੀਆਂ ਨਾਲ ਹੋਏ ਮੱਤਭੇਦ ਕਾਰਨ ਮੋਹਨ ਸਿੰਘ ਨੇ ਆਜ਼ਾਦ ਹਿੰਦ ਫੌਜ ਤੋਂ ਅਲੱਗ ਹੋ ਗਏ। 25 ਅਗਸਤ, 1943 ਨੂੰ ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫੌਜ ਦੇ ਸੁਪਰੀਮ ਕਮਾਂਡਰ ਵਜੋਂ ਅਹੁਦਾ ਸੰਭਾਲਿਆ। ਬਰਤਾਨਵੀ ਸਰਕਾਰ ਖਿਲਾਫ਼ ਯੁੱਧ ਦੀ ਤਿਆਰੀ ਲਈ ਯੁੱਧ ਕੌਂਸਲ ਬਣਾਈ ਗਈ ਜਿਸ ਵਿਚ ਪੰਜਾਬੀ ਕੈਪਟਨ ਹਬੀਬ-ਉਰ-ਰਹਿਮਾਨ, ਕੈਪਟਨ ਗੁਲਜ਼ਾਰਾ ਸਿੰਘ, ਕੈਪਟਨ ਸ਼ਾਹਨਵਾਜ਼ ਖਾਨ, ਕੈਪਟਨ ਪੀ.ਕੇ. ਸਹਿਗਲ ਅਤੇ ਕੈਪਟਨ ਗੁਰਮੀਤ ਸਿੰਘ ਸ਼ਾਮਿਲ ਕੀਤੇ ਗਏ। ਆਜ਼ਾਦ ਹਿੰਦ ਫੌਜ ਦੇ ਸੈਨਕਾਂ ਨੇ ਅਰਕਾਨ,ਇੰਫਾਲ ਅਤੇ ਕੋਹਿਮਾ ਖੇਤਰ ਵਿੱਚ ਅਲੱਗ ਅਲੱਗ ਥਾਵਾਂ ਉੱਪਰ ਅੰਗ੍ਰੇਜ਼ਾਂ ਵਿਰੁਧ ਲੜਾਈ ਲੜੀ ਅਤੇ 18 ਮਾਰਚ, 1944 ਨੂੰ ਇੰਫਾਲ ਨੇੜੇ ਭਾਰਤੀ ਧਰਤੀ 'ਤੇ ਜਿੱਤ ਪ੍ਰਾਪਤ ਕਰ ਕੇ ਤਿਰੰਗਾ ਝੰਡਾ ਲਹਿਰਾਇਆ। ਪਰ ਇਸ ਵਿਸ਼ਵ ਜੰਗ ਵਿੱਚ ਜਾਪਾਨੀਆਂ ਦੀ ਹਾਰ ਨੇ ਅਜ਼ਾਦ ਹਿੰਦ ਫੌਜ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਜਿਸ ਕਾਰਨ ਇਸ ਦੇ ਸੈਨਿਕਾਂ ਨੂੰ ਵਾਪਸ ਮੁੜਨ ਲਈ ਮਜ਼ਬੂਰ ਕਰ ਦਿੱਤਾ। ਇਨ੍ਹਾਂ ਨੂੰ ਵਾਪਸ ਹਿੰਦੋਸਤਾਨ ਲਿਆ ਕੇ ਲਾਲ ਕਿਲੇ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਇਨ੍ਹਾਂ ਕੈਦੀਆਂ ਵਿੱਚੋਂ ਕੈਪਟਨ ਸ਼ਾਹਨਵਾਜ਼ ਖਾਨ, ਕੈਪਟਨ ਪੀ.ਕੇ ਸਹਿਗਲ ਅਤੇ ਲੈਫਟੀਨੈਂਟ ਜਨਰਲ ਗੁਰਬਖ਼ਸ਼ ਸਿੰਘ ਢਿੱਲੋਂ ਉੱਪਰ ਬਾਦਸ਼ਾਹ ਵਿਰੁੱਧ ਜੰਗ ਛੇੜਨ ਦਾ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਨੂੰ ਦੇਸ਼ ਨਿਕਾਲੇ ਦੀ ਸਜ਼ਾ ਸੁਣਾਈ ਗਈ ਜਿਸ ਵਿਰੁੱਧ ਦੇਸ਼ ਵਿੱਚ ਇੱਕ ਰਾਸ਼ਟਰੀ ਵਿਦਰੋਹ ਖੜ੍ਹਾ ਹੋ ਗਿਆ ਜਿਸ ਕਾਰਨ ਅੰਗ੍ਰੇਜ਼ ਸਰਕਾਰ ਨੂੰ ਇਹ ਸਜ਼ਾ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ। ਭਾਰਤੀਆਂ ਦੀ ਇਸ ਜਿੱਤ ਨੇ ਸਾਰੇ ਧਰਮਾਂ ਅਤੇ ਨਸਲਾਂ ਦੇ ਲੋਕਾਂ ਨੂੰ ਇੱਕ ਝੰਡੇ ਹੇਠ ਇਕੱਠੇ ਹੋਣ ਦਾ ਅਹਿਮ ਕਾਰਜ ਕੀਤਾ।

ਆਜ਼ਾਦੀ ਸੰਗ੍ਰਾਮ ਦੇ ਆਖ਼ਰੀ ਦੌਰ ਵਿੱਚ ਵੀ ਪੰਜਾਬੀਆਂ ਨੇ ਭਾਰਤ ਛੱਡੋ ਅੰਦੋਲਨ ਅਤੇ ਹੋਰ ਕਾਰਵਾਈਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਪਰ ਅਫ਼ਸੋਸ, ਜਿਨ੍ਹਾਂ ਪੰਜਾਬੀਆਂ ਨੇ ਆਜ਼ਾਦੀ ਅੰਦੋਲਨ ਦੌਰਾਨ ਸੰਪਰਦਾਇਕ ਏਕਤਾ ਦੀ ਮਿਸਾਲ ਕਾਇਮ ਕੀਤੀ ਉਨ੍ਹਾਂ ਨੇ ਹੀ 1947 ਵਿੱਚ ਦੇਸ਼ ਦੀ ਆਜ਼ਾਦੀ ਮੌਕੇ ਪੰਜਾਬ ਦੀ ਵੰਡ ਸਮੇਂ ਅਜਿਹੀ ਬਰਬਰਤਾ ਅਤੇ ਧਾਰਮਿਕ ਅਸਹਿਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਜਿਸ ਨਾਲ ਦੱਸ ਲੱਖ ਬੇਕਸੂਰ ਲੋਕਾਂ ਨੂੰ ਜਾਨ ਤੋਂ ਹੱਥ ਧੋਣੇ ਪਏ ਅਤੇ ਇੱਕ ਕਰੋੜ ਤੋਂ ਵੱਧ ਲੋਕ ਬੇਘਰੇ ਹੋ ਗਏ। ਇਸ ਪ੍ਰਕਾਰ ਪੰਜਾਬੀਆਂ ਨੂੰ ਦੇਸ਼ ਦੀ ਅਜ਼ਾਦੀ ਲਈ ਦੂਜੇ ਭਾਰਤੀਆਂ ਤੋਂ ਕਿਤੇ ਵੱਡੀ ਕੀਮਤ ਚੁਕਾਉਣੀ ਪਈ।



# ਭਾਰਤ ਦੇ ਆਜ਼ਾਦੀ ਸੰਗ੍ਰਾਮ ਵਿੱਚ ਸੈਣੀ ਭਾਈਚਾਰੇ ਦੇ ਮਰਜ਼ੀਵੜਿਆਂ ਦਾ ਯੋਗਦਾਨ

ਗੁਰਮੁਖ ਸਿੰਘ ਲੌਂਗੀਆ

ਭਾਰਤ ਦੇਸ਼ ਦੀ ਆਜ਼ਾਦੀ ਲਈ ਸੈਂਕੜੇ ਯੋਧਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਕਈਆਂ ਨੇ ਫਾਂਸੀ ਦੇ ਰੱਸੇ ਚੁੰਮੇ, ਕਈਆਂ ਨੇ ਕਾਲ਼ੇ ਪਾਣੀ (ਅੰਡੇਮਾਨ ਨਿਕੋਬਾਰ) ਦੀ ਸੈਲੂਲਰ ਜੇਲ੍ਹ ਵਿੱਚ ਨਰਕ ਭੋਗਿਆ ਅਤੇ ਕਈ ਉਮਰ ਕੈਦ ਭੁਗਤਦੇ ਗਲ ਸੜ ਗਏ। ਇੱਕ ਪਾਸੇ ਮਹਾਤਮਾ ਗਾਂਧੀ ਦੀ ਅਹਿੰਸਵਾਦੀ ਆਜ਼ਾਦੀ ਲਹਿਰ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲਾਮਬੰਦ ਕਰ ਰਹੀ ਸੀ ਤਾਂ ਦੂਜੇ ਪਾਸੇ ਹਥਿਆਰਬੰਦ ਲਹਿਰਾਂ ਦੇ ਸਮਰਥਕ ਜਾਂਬਾਜ ਆਪਣੇ ਜੀਵਨ ਦੀ ਅਹੁਤੀ ਦੇ ਰਹੇ ਸਨ। ਇਨ੍ਹਾਂ ਵਿੱਚ ਹਰ ਧਰਮ, ਜਾਤ ਅਤੇ ਨਸਲ ਦੇ ਲੋਕ ਸ਼ਾਮਲ ਸਨ। ਕੁੱਝ ਭਾਰੂ ਜਾਤੀਆਂ ਦੇ ਸ਼ਹੀਦ ਤਾਂ ਇਤਿਹਾਸਕ ਪੁਸਤਕਾਂ ਦੇ ਪੰਨਿਆਂ ਵਿੱਚ ਦਰਜ ਹੋ ਗਏ ਪਰੰਤੂ ਸੈਂਕੜੇ-ਹਜ਼ਾਰਾਂ ਅਜਿਹੇ ਵੀ ਸਨ ਜਿਹੜੇ ਅਣਗੌਲੇ ਅਤੇ ਗੁੰਮਨਾਮ ਹੀ ਰਹਿ ਗਏ। ਇੱਥੇ ਅਜਿਹੇ ਹੀ ਕੁੱਝ ਸੈਣੀ ਬਰਾਦਰੀ ਨਾਲ ਸਬੰਧਿਤ ਆਜ਼ਾਦੀ-ਸੰਗ੍ਰਾਮੀਆਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ :

**ਗਦਰੀ ਬਾਬਾ ਹਰਨਾਮ ਸਿੰਘ (ਚੰਦ) ਸੈਣੀ**- ਹੁਸ਼ਿਆਰਪੁਰ ਸ਼ਹਿਰ ਦੀ ਬਗਲ ਵਿੱਚ ਸਥਿਤ ਫਤਿਹਗੜ੍ਹ ਪਿੰਡ(ਹੁਣ ਮੁਹੱਲਾ) ਦੇ ਸੈਣੀ ਪਰਿਵਾਰ ਵਿੱਚ ਜਨਮੇ ਇਸ ਆਜ਼ਾਦੀ ਦੇ ਪ੍ਰਵਾਨੇ ਨੂੰ ਅੰਗ੍ਰੇਜ਼ ਸਰਕਾਰ ਨੇ ਤੀਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾ ਕੇ 29 ਮਾਰਚ, 1917 ਨੂੰ ਸ਼ਹੀਦ ਕਰ ਦਿੱਤਾ। ਇੱਕ ਸਾਧਾਰਨ ਕਿਸਾਨੀ ਪਰਿਵਾਰ ਦੇ ਹਰਨਾਮ ਚੰਦ ਨੇ ਵੀ ਹੋਰ ਪੰਜਾਬੀ ਨੌਜਵਾਨਾਂ ਵਾਂਗ ਵੀਹਵੀਂ ਸਦੀ ਦੇ ਆਰੰਭ ਵਿੱਚ ਵਿਦੇਸ਼ਾਂ ਵਿੱਚ ਜਾ ਕੇ ਰੋਟੀ-ਰੋਜ਼ੀ ਕਮਾਉਣ ਦਾ ਸੁਪਨਾ ਲਿਆ ਅਤੇ ਫਿਲਪਾਈਨ ਦੇਸ਼ ਦੀ ਰਾਜਧਾਨੀ ਮਨੀਲਾ ਜਾ ਪੁੱਜਾ। ਇਸ ਸਮੇਂ ਹੀ 1914 ਵਿੱਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਅਮਰੀਕਾ ਵਿੱਚ ਰਹਿੰਦੇ ਪੰਜਾਬੀਆਂ ਨੇ ਇਸ ਸਮੇਂ ਨੂੰ ਆਪਣੇ ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਦਾ ਢੁਕਵਾਂ ਮੌਕਾ ਸਮਝਿਆ। ਇਨ੍ਹਾਂ ਨੇ ਗਦਰ ਪਾਰਟੀ ਬਣਾ ਕੇ ਆਜ਼ਾਦੀ ਦਾ ਬਿਗਲ ਵਜਾ ਦਿੱਤਾ। ਬਾਹਰਲੇ ਦੇਸ਼ਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿਰਲੱਥ ਯੋਧਿਆਂ ਨੇ ਸਮੁੰਦਰੀ ਰਾਸਤੇ ਭਾਰਤ ਵੱਲ ਚਾਲੇ ਪਾ ਲਏ। ਅਮਰੀਕਾ ਤੋਂ ਆਉਂਦੇ ਆਜ਼ਾਦੀ-ਘੁਲਾਟੀ ਮਨੀਲਾ ਵਿੱਚ ਰੁਕ ਕੇ ਆਪਣੇ ਮਿਸ਼ਨ ਲਈ ਪੰਜਾਬੀਆਂ ਨੂੰ ਤਿਆਰ ਕਰਨ ਲੱਗੇ। ਮਨੀਲਾ ਦੇ ਗੁਰਦੁਆਰੇ ਵਿੱਚ ਹੋਏ ਇਕੱਠ ਵਿੱਚ ਹਰਨਾਮ ਚੰਦ ਵੀ ਸ਼ਾਮਿਲ ਹੋਇਆ। ਨੇਤਾਵਾਂ ਦੇ ਜੋਸ਼ਭਰਪੂਰ ਭਾਸ਼ਣ ਸੁਣ ਕੇ ਉਸ ਦਾ ਖ਼ੂਨ ਖੌਲਣ ਲੱਗਾ ਅਤੇ ਉਹ ਗਦਰੀਆਂ ਨਾਲ ਭਾਰਤ ਆਉਣ ਲਈ ਤਿਆਰ ਹੋ ਗਿਆ। ਅਤਿ ਦੀਆਂ ਮੁਸ਼ਕਲਾਂ ਤੋਂ ਬਾਅਦ ਪੰਜਾਬ ਪਹੁੰਚ ਕੇ 26 ਨਵੰਬਰ, 2014 ਨੂੰ ਕਾਫੀ ਗਿਣਤੀ ਵਿੱਚ ਗਦਰੀਆਂ ਦਾ ਇਕੱਠ ਫਿਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾਬਾਦ ਵਾਲੀ ਸੜਕ 'ਤੇ ਹੋਇਆ। ਇਸ ਇਕੱਠ ਵਿੱਚ ਗਦਰ ਪਾਰਟੀ ਦੇ ਪ੍ਰਮੁੱਖ ਕਰਤਾਰ ਸਿੰਘ ਸਰਾਭਾ ਤੇ ਖਜਾਨਚੀ ਪੰਡਤ ਕਾਸ਼ੀ ਰਾਮ ਦੇ ਨਾਲ ਹਰਨਾਮ ਚੰਦ ਵੀ ਸਨ। ਗਦਰੀਆਂ ਦੀ ਯੋਜਨਾ ਫਿਰੋਜ਼ਪੁਰ ਛਾਉਣੀ ਅਤੇ ਮੀਆਂ ਮੀਰ ਛਾਉਣੀ ਵਿੱਚ ਜਾ ਕੇ ਪੰਜਾਬੀ ਫੌਜੀਆਂ ਨੂੰ ਆਪਣੇ ਨਾਲ ਮਿਲਾ ਕੇ ਅੰਗਰੇਜ਼ ਵਿਰੁੱਧ ਹਥਿਆਰਬੰਦ ਘੋਲ ਕਰਨਾ ਸੀ। ਪਰ ਸਫਲਤਾ ਨਹੀਂ ਮਿਲੀ। ਇਸ ਲਈ 27 ਨਵੰਬਰ ਨੂੰ ਕਾਫੀ ਗਿਣਤੀ ਵਿੱਚ ਗਦਰੀ ਲੁਧਿਆਣਾ ਤੇ ਮੋਗਾ ਜਾਣ ਲਈ ਰੇਲਗਡੀ 'ਤੇ ਚੜ੍ਹ ਗਏ। ਇਨ੍ਹਾਂ ਵਿੱਚੋਂ 18-20 ਗੱਡੀ ਚੜ੍ਹਨੋ ਰਹਿ ਗਏ ਜਿਨ੍ਹਾਂ ਵਿੱਚ ਹਰਨਾਮ ਚੰਦ ਵੀ ਸੀ। ਇਨ੍ਹਾਂ ਨੇ ਮੋਗਾ ਜਾਣ ਲਈ ਤਿੰਨ-ਚਾਰ ਟਾਂਗੇ ਕਿਰਾਏ 'ਤੇ ਕਰ ਲਏ। ਰਾਸਤੇ ਵਿੱਚ ਨਹਿਰ ਦੇ ਮਿਸਰੀਵਾਲੇ ਪੁਲ 'ਤੇ ਪੁਲਿਸ ਕਪਤਾਨ ਦੇ ਆਉਣ ਕਾਰਨ ਪੁਲਿਸ ਅਤੇ ਲੋਕਾਂ ਦਾ ਭਾਰੀ ਇਕੱਠ ਸੀ। ਇੱਥੇ ਇਲਾਕੇ ਦੇ ਸਾਰੇ ਠਾਣੇਦਾਰ, ਜੈਲਦਾਰ ਤੇ ਲੰਬੜਦਾਰ ਵੀ ਆਏ ਹੋਏ ਸਨ। ਇਸ ਕਾਰਨ ਪੁਲਿਸ ਨੇ ਟਾਂਗਿਆਂ ਨੂੰ ਰੋਕ ਲਿਆ ਅਤੇ ਸਵਾਰੀਆਂ ਦੀ ਤਲਾਸ਼ੀ ਹੋਣ ਲੱਗੀ। ਇਸ ਕਾਰਵਾਈ ਦੌਰਾਨ ਇੱਕ ਠਾਣੇਦਾਰ ਨੇ ਰੋਹਬ ਜਮਾਉਣ ਲਈ ਮਨੀਲਾ ਤੋਂ ਆਏ ਹੋਏ ਰਹਿਮਤ ਅਲੀ ਸ਼ਾਹ ਵਜੀਦ ਕੇ ਦੇ ਥੱਪੜ ਮਾਰ ਦਿੱਤਾ। ਇਸ ਨਾਲ ਗਦਰੀ ਭੜਕ ਪਏ ਅਤੇ ਉਨ੍ਹਾਂ ਨੇ ਉਸ ਠਾਣੇਦਾਰ ਤੇ ਇੱਕ ਜ਼ੈਲਦਾਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਸਾਰੇ ਹਫੜਾ ਦਫੜੀ ਫੈਲ ਗਈ। ਇਸ ਰੌਲੇ ਰੱਪੇ ਵਿੱਚ ਕਈ ਗਦਰੀ ਸਮੇਤ ਹਰਨਾਮ ਚੰਦ ਲੋਕਾਂ ਵਿੱਚ ਹੀ ਮਿਲ ਕੇ ਦੌੜਨ ਵਿੱਚ ਕਾਮਯਾਬ ਹੋ ਗਏ ਪਰ ਜਿਹੜੇ ਨਹਿਰ ਪਾਸ ਝੱਲ ਵਿੱਚ ਲੁਕ ਗਏ ਉਹ ਫੜੇ ਗਏ ਜਾਂ ਮਾਰੇ ਗਏ। ਇਸ ਘਟਨਾ ਕਾਰਨ ਹਰਨਾਮ ਚੰਦ ਦੇ ਗ੍ਰਿਫਤਾਰੀ ਵਾਰੰਟ ਕੱਢ ਦਿੱਤੇ ਗਏ।



ਇਸ ਦੌਰਾਨ ਹੀ ਹਰਨਾਮ ਚੰਦ ਨੇ ਆਪਣੇ ਪਿੰਡ ਦੇ ਗਦਰੀਆਂ ਸੁਰਜਣ ਸਿੰਘ, ਬਾਬੂ ਰਾਮ ਤੇ ਫਜ਼ਲਦੀਨ ਨਾਲ ਮਿਲ ਕੇ ਮੰਡੀ ਰਿਆਸਤ ( ਹਿਮਾਚਲ ਪ੍ਰਦੇਸ਼) ਦੇ ਰਾਜੇ ਖਿਲਾਫ ਵਿਦਰੋਹ ਦੀ ਯੋਜਨਾ ਬਣਾਈ। ਉਨ੍ਹਾਂ ਨੇ ਮੰਡੀ ਦੇ ਰਾਜੇ ਦੇ ਭਤੀਜੇ ਠਾਕੁਰ ਜਵਾਹਰ ਸਿੰਘ ਨੂੰ ਗਦਰ ਪਾਰਟੀ ਨਾਲ ਜੋੜਨ ਵਿੱਚ ਸਫਲਤਾ ਹਾਸਲ ਕਰ ਲਈ ਪਰ ਵਿਦਰੋਹ ਭੜਕਾਉਣ ਵਿੱਚ ਅਸਫਲ ਰਹੇ। ਇਸ ਕਾਰਨ ਪੁਲਿਸ ਹਰਨਾਮ ਚੰਦ ਤੇ ਸਾਥੀਆਂ ਦੇ ਪਿੱਛੇ ਪੈ ਗਈ। ਆਖਿਰ 29

ਸਤੰਬਰ, 1916 ਨੂੰ ਹਰਨਾਮ ਚੰਦ ਨੂੰ ਹੁਸ਼ਿਆਰਪੁਰ ਤੋਂ ਗ੍ਰਿਫਤਾਰ ਕਰ ਲਿਆ। ਉਨ੍ਹਾਂ 'ਤੇ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਮੁਕੱਦਮਾ ਚੱਲਿਆ ਅਤੇ ਤੀਜੇ ਲਾਹੌਰ ਸਾਜਿਸ਼ ਕੇਸ ਵਿੱਚ ਸਜ਼ਾ ਸੁਣਾਈ ਗਈ ਅਤੇ ਤਿੰਨ ਹੋਰ ਸਾਥੀਆਂ-ਬਲਵੰਤ ਸਿੰਘ ਖੁਰਦਪੁਰ, ਡਾ. ਰੂੜ ਸਿੰਘ ਸੰਗੋਵਾਲ ਤੇ ਹਾਫਜ਼ ਅਫਦੁੱਲਾ ਨਾਲ ਸ਼ਹੀਦ ਕਰ ਦਿੱਤਾ ਗਿਆ।



**ਬੱਬਰ ਮਹਿੰਦਰ ਸਿੰਘ ਬਡਵਾਲ:** ਇਸ ਸਿਰਲੱਥ ਆਜ਼ਾਦੀ ਘੁਲਾਟੀਏ ਦਾ ਜਨਮ ਸੰਨ 1901 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਗੰਗਾ ਸਿੰਘ ਵਿੱਚ ਸ. ਲਾਭ ਸਿੰਘ ਦੇ ਸੈਣੀ (ਬਡਵਾਲ) ਪਰਿਵਾਰ ਵਿੱਚ ਹੋਇਆ। ਉਸਦੇ ਮਾਤਾ-ਪਿਤਾ, ਛੋਟੀ ਉਮਰ ਵਿੱਚ ਹੀ ਉਸਨੂੰ ਅਨਾਥ ਕਰ ਗਏ ਜਿਸ ਕਾਰਨ ਉਸਦਾ ਪਾਲਣਪੋਸ਼ਣ ਗ਼ਰੀਬੀ ਦੀ ਹਾਲਤ ਵਿੱਚ ਨਜ਼ਦੀਕੀ ਰਿਸ਼ਤੇਦਾਰਾਂ ਨੇ ਕੀਤਾ। ਗੁਰਦੁਆਰਾ ਸਹਿਬ ਵਿੱਚ ਹੀ ਪੰਜਾਬੀ ਪੜ੍ਹਨੀ ਲਿਖਣੀ ਸਿੱਖ ਕੇ ਉਹ ਅਠਾਰਾਂ ਸਾਲ ਦੀ ਉਮਰ ਵਿੱਚ ਸਿੱਖ ਰਜਮੈਂਟ ਵਿੱਚ ਭਰਤੀ ਹੋ ਗਏ । ਉਹ ਫ਼ੌਜ ਵਿੱਚ ਨੌਕਰੀ ਕਰਦਿਆਂ ਆਪਣੇ ਸਾਥੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਈ ਪ੍ਰੇਰਦੇ ਰਹਿੰਦੇ। ਸੰਨ 1922 ਵਿੱਚ ਅੰਗਰੇਜ਼ਾਂ ਨੇ ਉਸ 'ਤੇ ਫੌਜੀਆਂ ਨੂੰ ਭੜਕਾਉਣ ਦਾ ਦੋਸ਼ ਲਗਾ ਕੇ ਉਸਨੂੰ ਫੌਜ ਵਿੱਚੋਂ ਬਰਖ਼ਾਸਤ ਕਰ ਦਿੱਤਾ। ਪਿੰਡ ਵਿੱਚ ਆ ਕੇ ਆਪ ਨੇ ਦੇਸ਼ ਦੀ ਆਜ਼ਾਦੀ ਲਈ ਸਰਗਰਮ ਰਾਜਨੀਤਿਕ ਪਾਰਟੀਆਂ ਤੇ ਦੇਸ਼ ਭਗਤਾਂ ਨਾਲ ਮੇਲਜੋਲ ਵਧਾ ਲਿਆ। ਉਹ ਬੱਬਰ ਅਕਾਲੀ ਲਹਿਰ ਵਿੱਚ ਸ਼ਾਮਿਲ ਹੋ ਕੇ ਗੁਪਤ ਕਾਰਵਾਈਆਂ ਕਰਨ ਲੱਗ ਪਏ ਅਤੇ ਬੱਬਰ ਕਰਮ ਸਿੰਘ ਦੌਲਤਪੁਰੀ ਦੇ ਵਿਸ਼ਵਾਸ਼ ਪਾਤਰ ਬਣ ਗਏ। ਉਹ ਕਰਮ ਸਿੰਘ ਦੌਲਤਪੁਰੀ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟ ਜਿਹੇ ਪ੍ਰਸਿੱਧ ਬਹਾਦਰ ਬੱਬਰਾਂ ਨਾਲ ਬਬੇਲੀ ਪਿੰਡ (ਜ਼ਿਲ੍ਹਾ ਕਪੂਰਥਲਾ) ਵਿੱਚ ਪੰਜਾਬ ਪੁਲਿਸ ਅਤੇ ਫ਼ੌਜ ਨਾਲ ਹੋਏ ਮੁਕਾਬਲੇ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ। ਉਹ ਪੱਕੇ ਨਿਸ਼ਾਨਚੀ ਤੇ ਤਲਵਾਰ ਦੇ ਧਨੀ ਸਨ। ਉਸ ਸਮੇਂ ਸ. ਮਹਿੰਦਰ ਸਿੰਘ ਕੇਵਲ 23 ਸਾਲ ਦਾ ਨੌਜਵਾਨ ਸੀ। ।



**ਸ. ਹਜ਼ਾਰਾ ਸਿੰਘ ਜਾਂਗਣੀਆਲ:** ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜਾਂਗਣੀਆਲ ਦੇ ਧਮੜੈਤ (ਸੈਣੀ) ਪਰਿਵਾਰ ਵਿੱਚ 13 ਜਨਵਰੀ 1913 ਨੂੰ ਸ. ਬੂਟਾ ਸਿੰਘ ਅਤੇ ਮਾਤਾ ਆਤੀ ਦੇ ਘਰ ਜਨਮਿਆਂ ਸ਼ਹੀਦ ਹਜ਼ਾਰਾ ਸਿੰਘ, ਅੱਠਵੀਂ ਤੱਕ ਪੜ੍ਹਾਈ ਪੂਰੀ ਕਰਕੇ 18 ਸਾਲ ਦੀ ਉਮਰ ਵਿੱਚ ਹੀ ਭਾਰਤੀ ਫ਼ੌਜ ਦੀ ਸਿੱਖ ਰਜਮੈਂਟ ਵਿੱਚ ਭਰਤੀ ਹੋ ਗਿਆ। ਦੂਜੀ ਸੰਸਾਰ ਜੰਗ ਸਮੇਂ ਉਸਨੂੰ ਵੀ ਹੋਰ ਭਾਰਤੀ ਫ਼ੌਜੀਆਂ ਨਾਲ ਇਟਲੀ, ਜਰਮਨੀ ਤੇ ਜਾਪਾਨੀ ਫੌਜਾਂ ਵਿਰੁੱਧ ਲੜਨ ਲਈ ਵਿਦੇਸ਼ ਭੇਜ ਦਿੱਤਾ ਗਿਆ। ਜਦੋਂ ਜਨਰਲ ਮੋਹਣ ਸਿੰਘ ਨੇ ਇੰਡੀਅਨ ਨੈਸ਼ਨਲ ਆਰਮੀ ਦੀ ਸਥਾਪਨਾ ਕੀਤੀ ਤਾਂ ਸ. ਹਜ਼ਾਰਾ ਸਿੰਘ ਪਹਿਲੇ ਦੇਸ਼ ਭਗਤ ਫੌਜੀਆਂ ਵਿੱਚੋਂ ਸਨ ਜਿਹੜੇ ਭਾਰਤ ਦੀ ਆਜ਼ਾਦੀ-ਜੰਗ ਵਿੱਚ ਕੁੱਦ ਪਏ। ਉਨ੍ਹਾਂ ਦੀਆਂ ਮੁਲਾਕਾਤਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਰਾਸ ਬਿਹਾਰੀ ਬੋਸ ਨਾਲ ਹੁੰਦੀਆਂ ਰਹੀਆਂ। ਉਨ੍ਹਾਂ ਦੀ ਡਿਊਟੀ ਅੰਗਰੇਜ਼ੀ ਫ਼ੌਜਾਂ ਦੀਆਂ ਗੁਪਤ ਜੰਗੀ ਯੋਜਨਾਵਾਂ ਦੀ ਸੂਚਨਾ ਆਜ਼ਾਦ ਹਿੰਦ ਫ਼ੌਜ ਨੂੰ ਪਹੁੰਚਾਉਣ ਦੀ ਲਗਾਈ ਗਈ। ਇੱਕ ਦਿਨ ਜਦੋਂ ਉਹ ਕੋਹਿਮਾ ਫਰੰਟ 'ਤੇ ਇੱਕ ਪੁੱਲ ਨੂੰ ਉਡਾਉਣ ਦੀ ਵਿਉਂਤ ਬਣਾ ਰਹੇ ਸਨ ਤਾਂ ਬੰਬ ਸਮੇਤ ਪਕੜੇ ਗਏ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਆਜ਼ਾਦ ਹਿੰਦ ਫੌਜ ਦੇ ਜੰਗੀ-ਭੇਦ ਜਾਹਰ ਕਰਵਾਉਣ ਲਈ ਅਣਮਨੁੱਖੀ ਤਸੀਹੇ ਦਿੱਤੇ ਗਏ। ਉਸ 'ਤੇ ਵਿਦਰੋਹੀ ਹੋਣ ਦਾ ਮੁਕੱਦਮਾ ਚੱਲਿਆ ਜਿਸ ਵਿੱਚ ਫ਼ਾਂਸੀ ਦਾ ਹੁਕਮ ਹੋਇਆ। ਇਸ ਜਾਂਬਾਜ਼ ਆਜ਼ਾਦੀ-ਸੰਗ੍ਰਾਮੀਏ ਨੇ ਅਕਤੂਬਰ 1944 ਵਿੱਚ ਖੁਸ਼ੀ ਖੁਸ਼ੀ ਫ਼ਾਂਸੀ ਦਾ ਫੰਦਾ ਖ਼ੁੱਦ ਆਪਣੇ ਗਲ ਵਿੱਚ ਪਾ ਕੇ ਸ਼ਹੀਦੀ ਜਾਮ ਪੀਤਾ।



**ਸ. ਮਨੋਹਰ ਸਿੰਘ :** ਇਨ੍ਹਾਂ ਦਾ ਜੱਦੀ ਪਿੰਡ ਜ਼ਿਲ੍ਹਾ ਰੂਪਨਗਰ ਵਿੱਚ ਜਟਾਣਾ ਸੀ। ਉਹ ਅੰਮ੍ਰਿਤਸਰ ਵਿੱਚ ਸ. ਲਹਿਣਾ ਸਿੰਘ ਬੋਲਾ (ਸੈਣੀ) ਦੇ ਘਰ 1898 ਵਿੱਚ ਪੈਦਾ ਹੋਏ। ਉਹ ਛੋਟੀ ਉਮਰ ਵਿੱਚ ਹੀ ਆਜ਼ਾਦੀ ਸੰਗ੍ਰਾਮ ਦੀਆਂ ਕਾਰਵਾਈਆਂ ਵਿੱਚ ਸਰਗਰਮ ਹੋ ਗਏ। ਸੰਨ 1919 ਵਿੱਚ ਸ. ਮਨੋਹਰ ਸਿੰਘ ਨੂੰ ਇੱਕ ਅੰਗਰੇਜ਼ ਬੈਂਕ ਅਧਿਕਾਰੀ ਨੂੰ ਕਤਲ ਕਰਨ ਦੇ ਦੋਸ਼ ਅਧੀਨ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਜਿਸ ਵਿੱਚ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ। ਆਪ ਦੀ ਛੋਟੀ ਉਮਰ ਦਾ ਧਿਆਨ ਕਰਦਿਆਂ ਇੰਗਲੈਂਡ ਦੀ ਪ੍ਰਿਵੀ ਕੌਂਸਲ ਨੇ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ। ਇਸ ਸਿਰੜੀ ਯੋਧੇ ਨੇ ਨੌਂ ਸਾਲ ਕਾਲੇਪਾਣੀ ਵਿੱਚ ਅਤੇ ਸਾਢੇ ਨੌ ਸਾਲ ਪਿਸ਼ਾਵਰ ਤੇ ਲਾਹੌਰ ਦੀਆਂ ਜੇਲ੍ਹਾਂ ਵਿੱਚ ਤਸੀਹੇ ਝੱਲਦਿਆਂ ਬਿਤਾਏ। ਅੰਤ ਉਹ ਸੰਨ 1940 ਵਿੱਚ ਰਿਹਾ ਹੋਏ। ਉਨ੍ਹਾਂ ਨੂੰ ਭਾਰਤ ਸਰਕਾਰ ਨੇ 1970 ਵਿੱਚ ਆਜ਼ਾਦੀ ਘੁਲਾਟੀਏ ਵਜੋਂ ਸਨਮਾਨ ਦਿੰਦਿਆਂ ਪੈਨਸ਼ਨ ਨਾਲ ਨਿਵਾਜਿਆ। ਉਹ ਅਕਤੂਬਰ 1970 ਵਿੱਚ ਹੀ ਪ੍ਰਲੋਕ ਸਿਧਾਰ ਗਏ। ਉਨ੍ਹਾਂ ਦਾ ਪਰਿਵਾਰ ਪਟਿਆਲਾ ਜ਼ਿਲ੍ਹੇ ਦੇ ਪਿੰਡ ਗੱਦੋਮਾਜਰਾ ਵਿੱਚ ਵਸਿਆ ਹੋਇਆ ਹੈ।

**ਸ. ਮਹਿੰਗਾ ਸਿੰਘ :** ਇਸ ਆਜ਼ਾਦੀ ਘੁਲਾਟੀ ਦਾ ਜਨਮ 18 ਮਾਰਚ 1918 ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਨੈਨਾਕੋਟ ਵਿੱਚ ਚੌਧਰੀ ਅਮੀਂਚੰਦ ਦੇ ਸੈਣੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਨੇ 1935 ਵਿੱਚ ਸ੍ਰੀ ਹਰਗੋਬਿੰਦਪੁਰ ਤੋਂ ਦਸਵੀਂ ਪਾਸ ਕੀਤੀ ਅਤੇ 1938 ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਏ।



ਉਹ ਦੂਜੀ ਸੰਸਾਰ ਜੰਗ ਦੌਰਾਨ 1942 ਵਿੱਚ ਫ਼ੌਜ ਤੋਂ ਬਾਗ਼ੀ ਹੋ ਕੇ ਆਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਿਲ ਹੋ ਗਏ। ਜੰਗ ਖ਼ਤਮ ਹੋਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫ਼ਰਾਂਸ, ਬੈਲਜੀਅਮ ਆਦਿ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਸਖ਼ਤ ਸਜ਼ਾਵਾਂ ਕੱਟਣ ਉਪਰੰਤ ਉਹ 1946 ਵਿੱਚ ਰਿਹਾ ਹੋਏ। ਉਨ੍ਹਾਂ ਨੇ 1947 ਵਿੱਚ ਦੇਸ਼ ਦੀ ਵੰਡ ਸਮੇਂ ਸ਼ਰਨਾਰਥੀਆਂ ਦੇ ਮੁੜ ਵਸੇਵੇ ਦੇ ਕਾਰਜਾਂ ਵਿੱਚ ਅਣਥੱਕ ਮਿਹਨਤ ਕੀਤੀ। ਉਹ ਰਾਜਨੀਤੀ ਵਿੱਚ ਸ਼ਾਮਿਲ ਹੋ ਕੇ ਐਮਰਜੈਂਸੀ ਦੌਰਾਨ ਜੇਲ੍ਹ ਵੀ ਗਏ। ਉਨ੍ਹਾਂ ਨੇ 1978 ਵਿੱਚ ਪੰਜਾਬ ਵਿਧਾਨ ਸਭਾ ਲਈ ਚੋਣ ਵੀ ਲੜੀ। ਉਨ੍ਹਾਂ ਦੀਆਂ ਦੇਸ਼ ਪ੍ਰਤਿ ਸੇਵਾਵਾਂ ਬਦਲੇ ਉਨ੍ਹਾ ਨੂੰ 15 ਅਗਸਤ 1972 ਨੂੰ ਤਾਮਿਰ ਪੱਤਰ ਨਾਲ ਸਨਮਾਨਿਤ ਕਰਕੇ ਆਜ਼ਾਦੀਸੰਗ੍ਰਾਮੀ ਪੈਨਸ਼ਨ ਵੀ ਲਗਾਈ ਗਈ। ਉਹ 4 ਅਪ੍ਰੈਲ 1991 ਨੂੰ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਵਿੱਚ ਰਹਿ ਰਿਹਾ ਹੈ।



**ਸ਼ਹੀਦ ਬਾਬੂ ਲਾਭ ਸਿੰਘ :** ਇਸ ਆਜ਼ਾਦੀ-ਘੁਲਾਟੀ ਦਾ ਜਨਮ 1895 ਨੂੰ ਸ. ਦੂਲਾ ਸਿੰਘ ਤੇ ਮਾਤਾ ਪ੍ਰੇਮਾ ਦੇਵੀ ਦੇ ਤੰਬੜ (ਸੈਣੀ) ਪਰਿਵਾਰ ਵਿੱਚ ਜਲੰਧਰ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਲਸਾੜਾ ਵਿਖੇ ਹੋਇਆ। ਉਹ ਬਚਪਨ ਵਿੱਚ ਹੀ ਮਾਂਬਾਪ ਦੇ ਪਿਆਰ ਤੋਂ ਵਾਂਝੇ ਹੋ ਗਏ। ਡੀ.ਏ.ਵੀ. ਜਲੰਧਰ ਤੋਂ ਮੈਟ੍ਰਿਕ ਪਾਸ ਕਰਕੇ ਉਹ ਫ਼ੌਜ ਵਿੱਚ ਭਰਤੀ ਹੋ ਗਏ। ਫ਼ੌਜ ਵਿੱਚ ਰਹਿੰਦਿਆਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸਰਗਰਮ ਸਿਵਲ ਨਾ ਫ਼ੁਰਮਾਨੀ ਲਹਿਰ, ਜ਼ਲ੍ਹਿਆਂ ਵਾਲਾ ਬਾਗ ਦਾ ਸਾਕਾ ਅਤੇ ਗੁਰੂਦੁਆਰਾ ਸੁਧਾਰ ਲਹਿਰਾਂ ਸਮੇਂ ਦੇਸ਼ ਭਗਤਾਂ ਨੂੰ ਪੂਰਨ ਸਹਿਯੋਗ ਦਿੱਤੇ ਅਤੇ ਇਸ ਕਾਰਨ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦਾ ਕੋਰਟ ਮਾਰਸ਼ਲ ਕਰ ਕੇ ਫ਼ੌਜ ਤੋਂ ਬਰਖ਼ਾਸਤ ਕਰ ਦਿੱਤਾ। ਉਹ ਅਕਾਲੀ ਲਹਿਰ ਅਤੇ ਜੈਤੋਂ ਮੋਰਚੇ ਵਿੱਚ ਜਥੇ ਸਮੇਤ ਸ਼ਮਿਲ ਹੋਣ ਕਾਰਨ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਡੱਕ ਦਿੱਤੇ ਗਏ। ਉਨ੍ਹਾਂ ਨੇ ਆਜ਼ਾਦੀ ਪ੍ਰਚਾਰ ਲਈ "ਦੇਸ਼ ਸੇਵਕ" ਨਾਂ ਦਾ ਅਖ਼ਬਾਰ ਵੀ ਚਲਾਇਆ। ਉਹ 1932 ਵਿੱਚ ਚਾਂਦਨੀ ਚੌਂਕ ਦਿੱਲੀ ਵਿੱਚ ਅੰਗਰੇਜ਼ ਵਿਰੋਧੀ ਤਕਰੀਰ ਕਰਦਿਆਂ ਗ੍ਰਿਫਤਾਰ ਹੋਏ ਅਤੇ ਉਨ੍ਹਾਂ ਨੇ ਲੰਬੀ ਜੇਲ੍ਹ ਦੀ ਸਜ਼ਾ ਕੱਟੀ। ਉਹ ਬੱਬਰ ਅਕਾਲੀ ਯੋਧਿਆਂ ਦੀ ਖ਼ੁਲ੍ਹੇਆਮ ਮੱਦਦ ਕਰਦੇ ਸਨ। ਦੂਜੇ ਵਿਸ਼ਵ ਯੁਧ ਵੇਲੇ ਵੀ ਬਾਬੂ ਲਾਭ ਸਿੰਘ ਜੀ, ਅੰਗਰੇਜ਼ਾਂ ਵਿਰੁੱਧ ਅੰਦਲੋਨ ਕਰਦੇ ਰਹੇ। ਉਹ 1945-46 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਬਣੇ। ਦੇਸ਼ ਦੀ ਵੰਡ ਸਮੇਂ ਜਦੋਂ ਫ਼ਿਰਕੂ ਦੰਗੇ ਸ਼ੁਰੂ ਹੋਏ ਤਾਂ ਉਹ ਅਮਨ ਜੱਥੇ ਬਣਾ ਕੇ ਜਲੰਧਰ ਸ਼ਹਿਰ ਵਿੱਚ ਲੋਕਾਂ ਨੂੰ ਸ਼ਾਂਤ ਕਰਨ ਲੱਗੇ। ਆਖਿਰ 9 ਮਾਰਚ 1947 ਨੂੰ ਉਹ ਇਸ ਸ਼ਹਿਰ ਵਿੱਚ ਇਕ ਫ਼ਿਰਕੂ ਦਰਿੰਦੇ ਦੀ ਗੋਲ਼ੀ ਦਾ ਸ਼ਿਕਾਰ ਹੋ ਗਏ।



**ਗਿਆਨੀ ਰਤਨ ਸਿੰਘ (ਸਹੌੜਾਂ)-** ਮੁਹਾਲੀ ਜ਼ਿਲ੍ਹੇ ਦੇ ਪਿੰਡ ਸਹੌੜਾਂ ਦੇ ਸ.ਰਤਨ ਸਿੰਘ ਦਾ ਜਨਮ 18 ਅਗਸਤ, 1900 ਨੂੰ ਸੈਣੀ ਪਰਿਵਾਰ ਵਿੱਚ ਪਿਤਾ ਸੰਤ ਸਿੰਘ ਦਫ਼ੇਦਾਰ ਅਤੇ ਮਾਤਾ ਗਣੇਸ਼ ਕੌਰ ਦੀ ਕੁੱਖੋਂ ਉੜੀਸਾ ਰਾਜ ਵਿੱਚ ਹੋਇਆ, ਜਿੱਥੇ ਆਪ ਦੇ ਪਿਤਾ 32 ਲਾਂਸਰਜ ਵਿੱਚ ਦਫੇਦਾਰ ਸਨ। ਗਿਆਨੀ ਰਤਨ ਸਿੰਘ 1916 ਵਿੱਚ ਫੌਜ ਦੇ 32 ਲਾਂਰਸਜ ਵਿੱਚ ਭਰਤੀ ਹੋਏ ਅਤੇ ਸਿੱਖ ਫੌਜੀਆਂ ਦੇ ਕ੍ਰਿਪਾਨ ਪਹਿਨਣ ਤੇ ਪਾਬੰਦੀ ਦਾ ਵਿਰੋਧ ਕਰਦਿਆਂ 31 ਮਾਰਚ ,1919 ਨੂੰ ਸੇਵਾ-ਮੁਕਤ ਹੋ ਗਏ। ਉਹ ਪੂਰੀ ਤਰ੍ਹਾਂ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਸਰਗਰਮ ਹੋ ਗਏ। ਇਹਨਾਂ ਸਰਗਰਮੀਆਂ ਕਾਰਨ ਆਪ ਜੀ ਦੇ ਪਰਿਵਾਰ ਨੂੰ ਪੁਲਿਸ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪਿਆ। ਆਪ ਜੀ ਦੀ ਸ਼ਾਦੀ ਪਿੰਡ ਖੇੜੀ ਸਲਾਬਤ ਪੁਰ ( ਜ਼ਿਲ੍ਹਾ ਰੂਪਨਗਰ) ਦੇ ਗੁਰਸਿੱਖ ਪਰਿਵਾਰ ਵਿੱਚ ਸਰਦਾਰ ਮੇਲਾ ਸਿੰਘ ਦੀ ਸਪੁੱਤਰੀ ਦਿਆਲ ਕੌਰ ਨਾਲ ਹੋਈ। ਆਪ ਦੇ ਦੋ- ਬੇਟੇ ਹਰਿੰਦਰ ਸਿੰਘ ਤੇ ਜੀਵਨ ਸਿੰਘ ਹੋਏ।

ਗਿਆਨੀ ਰਤਨ ਸਿੰਘ ਨੇ ਭਰੇ ਇਕੱਠ ਵਿੱਚ ਸਰਕਾਰ ਵਿਰੁੱਧ ਤਕਰੀਰਾਂ ਕਰ ਕੇ ਲੋਕਾਂ ਵਿੱਚ ਜੋਸ਼ ਭਰਨਾ ਅਤੇ ਪੁਲਿਸ ਨੂੰ ਧੋਖਾ ਦੇ ਕੇ ਨਿਕਲ ਜਾਣਾ, ਪੁਲਿਸ ਹਰ ਸਮੇ ਆਪ ਦਾ ਪਿੱਛਾ ਕਰਦੀ ਰਹਿੰਦੀ ਸੀ। 13 ਅਪ੍ਰੈਲ , 1922 ਨੂੰ ਮਨਸਾ ਦੇਵੀ ਦੇ ਮੇਲੇ 'ਤੇ ਦਫ਼ਾ 144 ਤੋੜਦਿਆਂ ਆਪ ਜੀ ਨੇ ਕਾਨਫੰਰਸ ਦਾ ਆਯੋਜਨ ਕੀਤਾ। ਸਟੇਜ ਸਕੱਤਰ ਵੱਜੋ ਅੰਗਰੇਜ਼ ਸਰਕਾਰ ਵਿੱਰੁੱਧ ਪ੍ਰਚਾਰ ਕਰਦਿਆਂ, ਆਪ ਨੂੰ 6 ਸਾਥੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਅਤੇ ਚੰਡੀ ਮੰਦਰ ਦੇ ਸਪੈਸ਼ਲ ਜੱਜ ਨੇ ਦੋ ਸਾਲ ਕੈਦ ਅਤੇ 100 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਪਹਿਲਾਂ ਆਪ ਨੂੰ ਅੰਬਾਲਾ ਜੇਲ੍ਹ ਤੇ ਬਾਅਦ ਵਿੱਚ ਤਸ਼ਦੱਦ ਲਈ ਮਸ਼ਹੂਰ ਮਿੰਟਗੁਮਾਰੀ ਅਤੇ ਮੁਲਤਾਨ ਜੇਲ੍ਹਾਂ ਵਿੱਚ ਭੇਜਿਆ ਗਿਆ। ਇੱਥੇ ਆਪ ਨੂੰ ਅਣਮਨੁੱਖੀ ਤਸੀਹੇ ਦਿੱਤੇ ਗਏ।

ਜੇਲ੍ਹ ਤੋਂ ਰਿਹਾ ਹੋਣ ਉਪਰੰਤ ਆਪ 1925 ਵਿੱਚ ਅਕਾਲ ਤਖਤ ਸਾਹਿਬ ਤੋਂ ਜੈਤੋ ਦੇ ਮੋਰਚੇ ਵਿੱਚ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਹੋਏ। ਜੂਨ 1926 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਚੁਣੇ ਗਏ। 3 ਅਕਤੂਬਰ, 1926 ਨੂੰ ਹੋਈ ਕਮੇਟੀ ਮੀਟਿੰਗ ਵਿੱਚ ਗਿਆਨੀ ਜੀ ਨੂੰ ਸਰਬ ਸੰਮਤੀ ਨਾਲ ਦਰਬਾਰ ਸਾਹਿਬ ਕਮੇਟੀ ਦਾ ਮੈਂਬਰ ਚੁਣਿਆ ਗਿਆ। ਇਸ ਦੌਰਾਨ ਆਪ ਜੀ ਨੂੰ ਨਾਮਵਰ ਪੰਥਕ ਆਗੂਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਆਪ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ 1928 ਵਿੱਚ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਖਾਲਸਾ ਸਕੂਲਾਂ ਵਿੱਚ ਪੰਜਾਬੀ

ਮਾਸਟਰ ਦੀ ਨੌਕਰੀ ਕੀਤੀ। ਦੇਸ਼ ਪ੍ਰਤੀ ਆਪ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਭਾਰਤ ਸਰਕਾਰ ਵੱਲੋਂ 15 ਅਗਸਤ 1972 ਨੂੰ ਅਤੇ 15 ਅਗਸਤ,1988 ਨੂੰ ਆਪ ਨੂੰ **ਤਾਮਰ ਪੱਤਰ** ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। 15 ਜਨਵਰੀ 1995, ਨੂੰ ਆਪ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ।



**ਅਜੀਤ ਸੈਣੀ–** ਆਪ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੋਲੇਬਾਲ ਵਿਖੇ ਸ਼੍ਰੀ ਦੌਲਤ ਰਾਮ ਅਤੇ ਮਾਤਾ ਚੰਨਣ ਕੌਰ ਦੇ ਕਿਸਾਨੀ ਪਰਿਵਾਰ ਵਿੱਚ ਜੁਲਾਈ, 1922 ਦੇ ਸੁਭਾਗੇ ਦਿਨ ਹੋਇਆ। ਆਪ ਨੇ ਲਾਇਲਪੁਰ ਖਾਲਸਾ ਕਾਲਜ ਤੋਂ ਐਮ.ਏ ਪਾਸ ਕੀਤੀ। ਇਸ ਉਪਰੰਤ ਉਹ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਇਸ ਸਮੇਂ ਹੀ 1939 ਵਿੱਚ ਦੂਜੀ ਸੰਸਾਰ ਜੰਗ ਸ਼ੁਰੂ ਹੋ ਗਈ ਅਤੇ ਅਜੀਤ ਸੈਣੀ ਨੂੰ ਭਾਰਤੀ ਬ੍ਰਿਟਿਸ਼ ਫੌਜ ਨਾਲ ਬ੍ਰਿਟਿਸ਼ ਕਾਲੋਨੀ ਸਿੰਘਾਪੁਰ ਦੇਸ਼ ਵਿੱਚ ਭੇਜ ਦਿੱਤਾ ਗਿਆ। ਜਦੋਂ ਜਾਪਾਨੀ ਫੌਜ ਨੇ ਮਲਾਇਆ 'ਤੇ ਕਬਜ਼ਾ ਕਰ ਲਿਆ ਸੀ ਤਾਂ ਆਪ ਭਾਰਤੀ ਫੌਜ ਦੇ ਕੈਪਟਨ ਮੋਹਨ ਸਿੰਘ ਦੀ ਪ੍ਰੇਰਨਾ ਸਦਕਾ ਭਾਰਤ ਦੇਸ਼ ਨੂੰ ਅੰਗ੍ਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਬਾਗੀ ਭਾਰਤੀ ਫੌਜੀਆਂ ਦੀ ਬਣਾਈ 'ਆਜ਼ਾਦ ਹਿੰਦ ਫੌਜ' ਵਿੱਚ ਸ਼ਾਮਿਲ ਹੋ ਗਏ। ਆਪ ਨੂੰ ਇਸ ਫੌਜ ਵਿੱਚ ਵਲੋਂ ਜਾਪਾਨੀ ਤਾਲਮੇਲ ਦਫਤਰ ਵਿੱਚ ਕੰਮ ਕਰਨ ਦਾ ਜ਼ਿੰਮਾਂ ਦਿੱਤਾ। ਇਸ ਉਪਰੰਤ ਆਪ ਨੂੰ ਆਜ਼ਾਦ ਹਿੰਦ ਫੌਜ ਵਲੋਂ ਸਿੰਘਾਪੁਰ ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਦੈਨਿਕ ਅਖਬਾਰ, 'ਆਜ਼ਾਦ ਹਿੰਦ' ਦੇ ਸਹਾਇਕ ਸੰਪਾਦਕ ਦੀ ਸੇਵਾ ਸੌਂਪ ਦਿੱਤੀ ਗਈ ਇਸ ਤੋਂ ਬਾਅਦ ਆਪ ਨੇ ਆਫੀਸਰਜ਼ ਟਰੇਨਿੰਗ ਸਕੂਲ ਬਾਤੂਪਹਾਟ ਤੋਂ ਕਮਿਸ਼ਨ ਪ੍ਰਾਪਤ ਕਰ ਕੇ ਲੈਫਟੀਨੈਂਟ ਰੈਂਕ ਹਾਸਲ ਕੀਤਾ ਅਤੇ ਰੰਗੂਨ ਵਿਖੇ ਆਜ਼ਾਦ ਹਿੰਦ ਫੌਜ ਦੇ ਹੈਡਕੁਆਰਟਰ ਵਿਖੇ ਤਾਇਨਾਤ ਹੋ ਗਏ। ਇਸ ਦੌਰਾਨ ਆਪ ਨੇ ਭਾਰਤ ਦੇਸ਼ ਦੀ ਅਜ਼ਾਦੀ ਲਈ ਜੰਗਲਾਂ, ਪਹਾੜਾਂ ਅਤੇ ਨਦੀ-ਨਾਲਿਆਂ ਵਿੱਚੋਂ ਲੰਘਦਿਆਂ ਅਨੇਕ ਕਸ਼ਟ ਸਹਾਰੇ।

ਜਦੋਂ ਸੰਸਾਰ ਜੰਗ ਦੇ ਅੰਤਲੇ ਸਾਲ 1945 ਵਿੱਚ ਜਾਪਾਨ ਨੇ ਹਥਿਆਰ ਸੁੱਟ ਦਿੱਤੇ ਅਤੇ ਅੰਗ੍ਰੇਜ਼ਾਂ ਨੇ ਰੰਗੂਨ ਉੱਤੇ ਮੁੜ ਕਬਜ਼ਾ ਕਰ ਲਿਆ ਤਾਂ ਅਜੀਤ ਸੈਣੀ ਨੂੰ ਵੀ ਦੂਜੇ ਅਫ਼ਸਰਾਂ ਨਾਲ ਫੜ ਕੇ ਭਾਰਤ ਲੈ ਆਂਦਾ ਗਿਆ। ਇਨ੍ਹਾਂ ਉੱਤੇ ਚਲਾਏ ਗਏ ਦੇਸ਼-ਧ੍ਰੋਹ ਦੇ ਮੁੱਕਦਮੇ ਦੇ ਫ਼ੈਸਲੇ ਮਗਰੋਂ ਸਾਰਿਆਂ ਦੇ ਨਾਲ ਆਪ ਨੂੰ ਵੀ ਰਿਹਾ ਕਰ ਦਿੱਤਾ ਗਿਆ। ਬਹੁਪੱਖੀ ਸਖਸ਼ੀਅਤ ਦਾ ਮਾਲਕ ਇਹ ਪ੍ਰਤਿਭਾਸ਼ਾਲੀ ਆਜ਼ਾਦੀ ਘੁਲਾਟੀਆ ਸਾਢੇ ਪਚਾਸੀ ਕੁ ਸਾਲ ਦੀ ਕਾਰਜਸ਼ੀਲ ਉਮਰ ਭੋਗ ਕੇ 10 ਦਸੰਬਰ, 2007 ਨੂੰ ਸੰਸਾਰ ਨੂੰ ਅਲਵਿਦਾ ਕਹਿ ਗਿਆ।

<u>**ਕਾਮਰੇਡ ਹਜ਼ਾਰਾ ਸਿੰਘ ਸੈਣੀ–**</u> ਆਪ ਦਾ ਜਨਮ 1913 ਵਿੱਚ ਰੋਪੜ ਜ਼ਿਲ੍ਹੇ ਦੇ ਪਿੰਡ ਭੱਲੜੀ (ਨੇੜੇ ਨੰਗਲ ਡੈਮ) ਵਿਖੇ ਇੱਕ ਗਰੀਬ ਕਿਸਾਨ ਸ. ਰਾਜਾ ਸਿੰਘ ਤੰਬੜ ਅਤੇ ਮਾਤਾ ਸ਼੍ਰੀਮਤੀ ਰਲ਼ੀ ਦੇ ਸੈਣੀ ਪਰਿਵਾਰ ਵਿੱਚ ਹੋਇਆ। ਉਹ ਸ਼ਹੀਦ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਸੀ ਜੋ ਇਨਕਲਾਬੀਆਂ ਲਈ ਬੰਬ ਬਣਾਉਣ ਦਾ ਕੰਮ ਕਰਦਾ ਸੀ। ਸ. ਹਜ਼ਾਰਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਹੀ 23 ਮਾਰਚ,1931 ਨੂੰ ਜੇਲ੍ਹ ਕੋਠੜੀ ਦੀ ਕੰਧ ਪਾੜ ਕੇ ਬਾਹਰ ਕਢਣ ਦੀ ਯੋਜਨਾ ਬਣਾਈ ਹੋਈ ਸੀ। ਪਰ ਇਹ ਐਨ ਮੌਕੇ 'ਤੇ ਸਿਰੇ ਨਾ ਚੜ੍ਹ ਸਕੀ। ਫਾਂਸੀ ਸਮੇਂ ਹਜ਼ਾਰਾ ਸਿੰਘ ਅਤੇ ਉਸ ਦਾ ਭਰਾ ਬਤਨ ਸਿੰਘ ਹੋਰ ਹਜ਼ਾਰਾਂ ਇਨਕਲਾਬੀਆਂ ਨਾਲ ਜੇਲ੍ਹ ਦੇ ਬਾਹਰ ਮੌਜੂਦ ਸਨ। ਇਸ ਉਪਰੰਤ ਆਪ ਪੂਰੀ ਤਨਦੇਹੀ ਨਾਲ ਅਜ਼ਾਦੀ ਸੰਗ੍ਰਾਮ ਵਿੱਚ ਕੁੱਦ ਪਏ। ਸਰਕਾਰ ਵਿਰੁੱਧ ਇੱਕ ਸਾਜ਼ਿਸ਼ ਰਚਣ ਦੇ ਦੋਸ਼ ਅਧੀਨ ਆਪ ਨੂੰ 1931 ਵਿੱਚ ਜੇਲ੍ਹ ਭੇਜ ਦਿੱਤਾ ਗਿਆ ਜਿੱਥੋਂ ਉਹ ਆਪਣੇ ਪੰਜ ਸਾਥੀਆਂ ਸਮੇਤ ਫਰਾਰ ਹੋ ਕੇ ਮਦਰਾਸ ਪਹੁੰਚ ਗਏ। ਊਟੀ ਬੈਂਕ ਲੁੱਟਣ ਦੇ ਕੇਸ ਵਿੱਚ ਆਪ ਨੂੰ ਫੜ ਕੇ ਜੇਲ੍ਹ ਭੇਜ ਦਿੱਤਾ ਗਿਆ ਜਿੱਥੋਂ ਆਪ ਭੱਜ ਕੇ ਕਈ ਦਿਨਾਂ ਤੱਕ ਗੋਦਾਵਰੀ ਨਦੀ ਦੇ ਜੰਗਲਾਂ ਵਿੱਚ ਭਟਕਦੇ ਰਹੇ ਅਤੇ ਅੰਤ ਫੜੇ ਗਏ। ਆਪ ਨੂੰ ਅੰਡੇਮਾਨ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇੱਥੇ ਆਪ ਨੇ ਕੈਦੀਆਂ ਦੀਆਂ ਸਹੂਲਤਾਂ ਲਈ ਬਾਬਾ ਗੁਰਮੁਖ ਸਿੰਘ ਨਾਲ ਭੁੱਖ ਹੜਤਾਲ ਕਰ ਦਿੱਤੀ। ਇਸ ਤੋਂ ਬਾਅਦ ਆਪ ਨੂੰ ਖ਼ਤਰਨਾਕ ਇਨਕਲਾਬੀ ਮੰਨਦਿਆਂ ਲਾਹੌਰ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ ਜਿੱਥੋਂ ਆਪ 1938 ਵਿੱਚ ਬਾਹਰ ਆਏ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਵਿੱਚ ਸ਼ਾਮਲ ਹੋ ਗਏ। 2 ਜੁਲਾਈ, 1939 ਨੂੰ ਟਾਟਾਨਗਰ ਵਿਖੇ ਤਾਰ ਕੰਪਨੀ ਵਰਕਰਜ਼ ਯੂਨੀਅਨ ਦੇ ਮਜ਼ਦੂਰਾਂ ਨੇ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਹੜਤਾਲ ਕਰ ਦਿੱਤੀ। ਕਾਮਰੇਡ ਹਜ਼ਾਰਾ ਸਿੰਘ ਇਸ ਸੰਘਰਸ਼ ਦੇ ਮਜ਼ਦੂਰ ਆਗੂ ਹੋਣ ਕਾਰਨ ਮਿੱਲ ਮਾਲਕਾਂ ਦੀਆਂ ਅੱਖਾਂ ਵਿੱਚ ਰੜਕਦੇ ਸਨ। ਇਸ ਲਈ ਉਨ੍ਹਾਂ ਨੂੰ ਇੱਕ ਯੋਜਨਾ ਅਧੀਨ ਬੱਸ ਥੱਲੇ ਦਰੜ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਪ੍ਰਕਾਰ ਇੱਕ ਸੁਤੰਤਰਤਾ ਸੰਗ੍ਰਾਮੀ ਤੇ ਮਜ਼ਦੂਰ ਨੇਤਾ ਦੇਸੀ ਧਨਾਢਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।



ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ॥
ਜਿਉ ਕਰ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰ ਪਲੋਆ॥

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ**
**8 ਨਵੰਬਰ 2022**
**ਦੀਆਂ ਲੱਖ ਲੱਖ ਵਧਾਈਆਂ**



# ਜਸ਼ਨ-ਏ-ਆਜ਼ਾਦੀ

ਡਾ. ਹਰਸ਼ਿੰਦਰ ਕੌਰ
ਪਟਿਆਲਾ

ਆਜ਼ਾਦੀ ਦੌਰਾਨ ਸ਼ਹੀਦ ਹੋਏ ਫ਼ੌਜੀਆਂ ਦਾ ਸਨਮਾਨ ਕਰਨਾ ਸਾਡਾ ਫ਼ਰਜ਼ ਹੈ। ਉਨ੍ਹਾਂ ਸਦਕਾ ਹੀ ਇਹ ਦਿਨ ਵੇਖਣਾ ਨਸੀਬ ਹੋਇਆ ਹੈ। ਉਨ੍ਹਾਂ ਸ਼ਹੀਦਾਂ ਦੇ ਟੱਬਰਾਂ ਦਾ ਦੇਣਾ ਵੀ ਨਹੀ ਦਿੱਤਾ ਜਾ ਸਕਦਾ, ਜਿਨ੍ਹਾ ਨੇ ਆਪਣਾ ਵਿਹੜਾ ਸੱਖਣਾ ਕਰਕੇ ਸਾਡਾ ਵਿਹੜਾ ਆਬਾਦ ਕੀਤਾ ਹੈ। ਇਨ੍ਹਾਂ ਦੇ ਨਾਲ ਕੁੱਝ ਹੋਰ ਅਣਕਹੀਆਂ ਅਤੇ ਅਣਸੁਣੀਆਂ ਮੌਤਾਂ, ਜੋ ਆਜ਼ਾਦੀ ਲਈ ਪਰਵਾਨ ਹੋਈਆਂ, ਉਨ੍ਹਾਂ ਦਾ ਜ਼ਿਕਰ ਕਦੇ ਨਹੀਂ ਹੁੰਦਾ। ਹੁਣ ਤੱਕ ਦੇ ਮਨਾਏ ਆਜ਼ਾਦੀ ਦੇ ਜਸ਼ਨਾਂ ਵਿੱਚ ਉਨ੍ਹਾਂ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮੈਂ ਉਨ੍ਹਾਂ ਦੀ ਹੀ ਯਾਦ ਦਵਾਉਣ ਦਾ ਹੀਆ ਕੀਤਾ ਹੈ।

ਬੀ.ਬੀ.ਸੀ ਨੇ ਆਪਣੇ ਇਕ ਪ੍ਰੋਗਰਾਮ ਵਿੱਚ ਦੱਸਿਆ ਹੈ ਕਿ ਸੰਨ 1947 ਦੀ ਭਾਰਤ-ਪਾਕਿ ਵੰਡ ਦੌਰਾਨ ਦੁਨੀਆਂ ਭਰ ਵਿਚਲੀਆਂ ਸਾਰੀਆਂ ਆਜ਼ਾਦੀ ਦੀਆਂ ਜੰਗਾਂ ਤੋਂ ਵੱਧ ਲੋਕ ਬੇਘਰ ਹੋਏ ਸਨ। ਇਹ ਗਿਣਤੀ ਸਾਢੇ 14 ਮਿਲੀਅਨ ਲੋਕਾਂ ਤੋਂ ਵੀ ਵੱਧ ਸਾਬਤ ਹੋਈ ਹੈ, ਜਿਸ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਹਨ ।

ਇਸ ਦੌਰਾਨ ਗਿਣੀਆਂ ਜਾ ਚੁੱਕੀਆਂ ਅਤੇ ਰਿਪੋਰਟ ਹੋਈਆਂ 93,000 ਔਰਤਾਂ ਨੂੰ ਮਧੋਲਿਆ ਅਤੇ ਅਗਵਾ ਕੀਤਾ ਗਿਆ। ਜਿਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ ਤੇ ਸਿਰਫ ਟੋਟੇ ਹੀ ਲੱਭੇ ਜਾਂ ਪੂਰੇ ਦੇ ਪੂਰੇ ਟੱਬਰ ਫ਼ਨਾਹ ਹੋ ਗਏ, ਉਹ ਇਸ ਗਿਣਤੀ ਵਿੱਚ ਸ਼ਾਮਲ ਨਹੀਂ ਹਨ । ਇਨ੍ਹਾਂ ਔਰਤਾਂ ਦਾ ਸਿਰਫ਼ ਜਬਰਜਨਾਹ ਅਤੇ ਕਤਲ ਹੀ ਨਹੀ ਕੀਤਾ ਗਿਆ ਬਲਕਿ ਇਨ੍ਹਾਂ ਵਿੱਚੋਂ ਲਗਭਗ 15,000 ਨੂੰ ਨੌਕਰਾਣੀਆਂ, ਬੰਧੂ ਮਜ਼ਦੂਰ ਜਾਂ ਰਖੇਲਾਂ ਬਣਨ ਲਈ ਮਜ਼ਬੂਰ ਕੀਤਾ ਗਿਆ ਅਤੇ ਕੁਝ ਨੂੰ ਕੋਠਿਆਂ ਉਤੇ ਬਿਠਾ ਦਿੱਤਾ ਗਿਆ। ਜਿਹੜੀਆਂ ਔਰਤਾਂ ਦਾ ਜਬਰਜਨਾਹ ਕਰਨ ਬਾਅਦ ਜ਼ਿੰਦਾ ਰੱਖਿਆ ਗਿਆ, ਉਸ ਦਾ ਵੀ ਕਾਰਨ ਸੀ। ਇਨ੍ਹਾਂ ਵਿੱਚੋਂ ਕਈਆਂ ਦੇ ਸਰੀਰ ਉੱਤੇ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਅਤੇ ਕਈਆਂ ਉੱਤੇ 'ਹਿੰਦੋਸਤਾਨ ਜ਼ਿੰਦਾਬਾਦ'ਦੇ ਪੱਕੇ ਠੱਪੇ ਲਾ ਕੇ ਦੂਜੇ ਮੁਲਕ ਨੂੰ ਸ਼ਰਮਸਾਰ ਕਰਨ ਲਈ ਇਨ੍ਹਾਂ ਨੂੰ ਵਰਤਿਆ ਗਿਆ ਕਿ ਜਦੋਂ ਵੀ ਇਹ ਆਪਣੇ ਮੁਲਕ ਵਾਪਸ ਜਾਣ ਤਾਂ ਉਹ ਲੋਕ ਦੂਜੇ ਮੁਲਕ ਦੀ ਪੱਕੀ ਮੋਹਰ ਵੇਖਣ। ਦੁਸ਼ਮਣੀ ਦਾ ਆਲਮ ਇਹ ਸੀ ਕਿ ਜਿਹੜੀਆਂ ਔਰਤਾਂ ਮਰਨ ਨੂੰ ਤਰਜੀਹ ਦੇਣ, ਉਨ੍ਹਾਂ ਦੇ ਮੁਰਦਾ ਸਰੀਰ ਵੀ ਆਪਣੇ ਮੁਲਕ ਇਹੋ ਸੁਨੇਹਾ ਪਹੁੰਚਾਉਣ। ਇਸੇ ਲਈ ਕੋਈ ਔਰਤ ਛੱਡੀ ਹੀ ਨਹੀਂ ਗਈ।

ਯਾਸਮੀਨ ਖਾਨ ਨੇ ਵੰਡ ਬਾਰੇ ਲਿਖੀ ਕਿਤਾਬ ਵਿੱਚ ਸਪਸ਼ਟ ਕੀਤਾ ਹੈ ਕਿ ਔਰਤਾਂ ਉੱਤੇ ਅਤਿ ਦੇ ਜ਼ੁਲਮ ਇਸ ਲਈ ਢਾਹੇ ਗਏ ਕਿ ਭਾਰਤੀਆਂ ਨੂੰ ਜਲੀਲ ਕੀਤਾ ਜਾ ਸਕੇ। ਔਰਤਾਂ ਨੂੰ ਜਬਰੀ ਮੁਸਲਮਾਨ ਧਰਮ ਵਿੱਚ ਸ਼ਾਮਲ ਕਰਕੇ ਹਿੰਦੂ ਧਰਮ ਦਾ ਨਾਮੋਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ।

ਇੰਗਲੈਂਡ ਵਿੱਖੇ ਡੀਮੋਂਟ ਫੋਰਟ ਯੂਨੀਵਰਸਿਟੀ ਦੀ ਪ੍ਰੋਫੈਸਰ ਪੀਪਾ ਵਿਰਦੀ ਨੇ ਪੁਰਾਣੇ ਰਿਕਾਰਡ ਅਤੇ ਤਸਵੀਰਾਂ ਇੱਕਠੀਆਂ ਕਰਕੇ ਅਤੇ ਘੁੰਮ-ਫਿਰ ਕੇ ਲੋਕਾਂ ਦੀਆਂ ਇੰਟਰਵਿਊ ਕਰ ਕੇ ਜੋ ਤੱਥ ਪੇਸ਼ ਕੀਤੇ ਹਨ, ਉਹ ਦਿਲ ਕੰਬਾਊ ਹਨ। ਜਿਵੇਂ ਹਰ ਜਿੱਤ ਦੀ ਟਰਾਫ਼ੀ ਸਾਂਭੀ ਜਾਂਦੀ ਹੈ, ਇਸੇ ਤਰ੍ਹਾਂ ਭਾਰਤੀਆਂ ਅਤੇ ਪਾਕਿਸਤਾਨੀਆਂ ਨੇ ਦੂਜੇ ਮੁਲਕ ਦੀਆਂ ਔਰਤਾਂ ਦੇ ਸਰੀਰਾਂ ਨੂੰ ਟਰਾਫ਼ੀਆਂ ਬਣਾ ਕੇ ਸਾਂਭਿਆ। ਪਹਿਲਾਂ ਔਰਤਾਂ ਨੂੰ ਰੱਜ ਕੇ ਜਲੀਲ ਕਰ ਕੇ, ਜਿੰਨਿਆਂ ਵੱਲੋਂ ਹੋ ਸਕਦਾ ਸੀ ਜਬਰਜਨਾਹ ਕਰਕੇ ਫੇਰ ਉਨ੍ਹਾਂ ਦੀ ਛਾਤੀ ਕੱਟ ਦਿੱਤੀ ਜਾਂਦੀ। ਉਸ ਤੋਂ ਬਾਅਦ ਸਾਰੇ ਸਰੀਰ ਦੇ ਮਾਸ ਨੂੰ ਦੰਦਾਂ ਨਾਲ ਵੱਢ ਟੁੱਕ ਕੇ ਲਾਹਿਆ ਜਾਂਦਾ। ਫੇਰ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਹਿੰਦੂਸਤਾਨ ਜ਼ਿੰਦਾਬਾਦ'ਦੀ ਮੋਹਰ ਲਾਈ ਜਾਂਦੀ। ਕਈਆਂ ਦੇ ਸਰੀਰਾਂ ਉੱਤੇ ਇੱਕ ਦੂਜੇ ਪ੍ਰਤੀ ਕੱਢੀਆਂ ਗਾਲਾਂ ਛਾਪ ਦਿੱਤੀਆਂ ਜਾਂਦੀਆਂ। ਫੇਰ ਬਾਹਵਾਂ ਕੱਟੀਆਂ ਜਾਂਦੀਆਂ ਤੇ ਉਸ ਤੋਂ ਬਾਅਦ ਖਿੱਚ ਕੇ ਲੱਤਾਂ ਜੋੜ ਵਿੱਚੋਂ ਕੱਢ ਕੇ ਵੱਢੀਆਂ ਜਾਂਦੀਆਂ। ਅਖੀਰ ਵਿੱਚ ਸਿਰ, ਧੜ ਤੋਂ ਅਲੱਗ ਕੀਤਾ ਜਾਂਦਾ। ਅਜਿਹੇ ਬਾਕੀ ਬਚੇ ਧੜ ਨੂੰ ਜਿੱਤ ਦੀ ਟਰਾਫ਼ੀ ਵਜੋਂ ਸਾਂਭਿਆ ਜਾਂਦਾ ਕਿ ਅਸੀਂ ਦੂਜੇ ਮੁਲਕ ਦੇ ਲੋਕਾਂ ਉਤੇ ਜਿੱਤ ਹਾਸਲ ਕਰ ਕੇ ਆਪਣਾ ਬਦਲਾ ਲੈ ਲਿਆ ਹੈ। ਆਪਣੇ ਆਪ ਨੂੰ ਇਸ ਜਲਾਲਤ ਤੋਂ ਬਚਾਉਣ ਲਈ ਸੈਂਕੜੇ ਔਰਤਾਂ ਨੇ ਖੂਹਾਂ ਵਿੱਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

ਰਿਤੂ ਮੈਨਨ ਤੇ ਕਮਲਾ ਭਸੀਨ ਨੇ ਅੱਖੀਂ ਵੇਖੀਆਂ ਘਟਨਾਵਾਂ ਨੂੰ ਬਿਆਨ ਕਰਦਿਆਂ ਦੱਸਿਆ ਕਿ ਜਿਨ੍ਹਾਂ ਔਰਤਾਂ ਦੇ ਸਰੀਰਾਂ ਉੱਤੇ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਜੈ ਹਿੰਦ' ਗਰਮ ਲੋਹੇ ਨਾਲ ਛਾਪਿਆ ਗਿਆ ਸੀ, ਉਨ੍ਹਾਂ ਦੇ ਸਰੀਰਾਂ ਦੀ ਬਚੀ-ਖੁਚੀ ਚਮੜੀ ਉੱਤੇ ਏਨੇ ਭਿਆਨਕ ਦੰਦਾਂ ਦੇ ਨਿਸ਼ਾਨ ਸਨ ਕਿ ਜਾਨਵਰ ਵੀ ਸ਼ਾਇਦ ਇੰਜ ਨਾ ਚੱਬਦੇ ਜਿਵੇਂ ਇਨਸਾਨ ਰੂਪੀ ਹੈਵਾਨਾਂ ਨੇ ਚੂੰਡਿਆ ਹੋਇਆ ਸੀ। ਸ਼ੇਖੂਪੁਰਾ ਦੇ ਇੱਕ ਡਾਕਟਰ ਨੇ ਮੈਨਨ ਅਤੇ ਭਸੀਨ ਨੂੰ ਦੱਸਿਆ ਕਿ ਜਿੰਨੇ ਕੇਸ ਰਿਫ਼ਿਊਜੀ ਕੈਂਪਾਂ ਵਿੱਚੋਂ ਚੁੱਕੀਆਂ ਔਰਤਾਂ ਦੀ ਛਾਤੀ ਵੱਢਣ ਤੋ ਬਾਅਦ ਉਸ ਕੋਲ ਲਿਆਂਦੇ ਗਏ, ਉਨ੍ਹਾਂ ਵਿੱਚੋਂ ਇਕ ਵੀ ਔਰਤ ਬਚਾਈ ਨਹੀ ਜਾ ਸਕੀ, ਕਿਉਂਕਿ ਉਸ ਵਿਚ ਕੁੱਝ ਬਚਾਉਣ ਜੋਗਾ ਛੱਡਿਆ ਹੀ ਨਹੀ ਸੀ ਗਿਆ।

ਸੰਨ 1950 ਵਿਚ ਮੈਨਨ ਤੇ ਭਸੀਨ ਨੇ ਸਰਕਾਰੀ ਅੰਕੜਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ 50,000 ਔਰਤਾਂ ਨੂੰ ਭਾਰਤ ਵਿੱਚ ਅਤੇ 33,000 ਔਰਤਾਂ ਨੂੰ

ਪਾਕਿਸਤਾਨ ਵਿੱਚ ਜਬਰਜਨਾਹ ਕਰ ਕੇ ਤਸੀਹੇ ਦੇ ਕੇ ਮਾਰ ਘੱਤਿਆ ਗਿਆ। ਪਰ ਔਰਤਾਂ ਵਾਸਤੇ ਕੰਮ ਕਰ ਰਹੇ ਰੀਹੈਬਿਲੀਟੇਸ਼ਨ ਸੈਂਟਰ ਵਿਚ ਲੱਗੇ ਲੋਕਾਂ ਨੇ ਸਪਸ਼ਟ ਕੀਤਾ ਕਿ ਪਾਕਿਸਤਾਨ ਵਿਚ ਇਹ ਗਿਣਤੀ ਕਿਤੇ ਵੱਧ ਹੈ। ਉੱਥੇ ਲੱਗਭੱਗ ਇੱਕ ਲੱਖ, 25000 ਔਰਤਾਂ ਨਿਰਵਸਤਰ ਕਰ ਕੇ ਕਤਲ ਕੀਤੀਆਂ ਗਈਆ ਤੇ ਕਾਫ਼ਲਿਆਂ ਉੱਤੇ ਹਮਲੇ ਕਰਕੇ ਉਧਾਲੀਆਂ ਔਰਤਾਂ ਦਾ ਤਾਂ ਨਾਮੋਨਿਸ਼ਾਨ ਹੀ ਨਹੀ ਲੱਭਿਆ। ਕਿੱਸੇ ਦੀ ਇਕ ਬਾਂਹ ਤੇ ਕਿਸੇ ਦੀ ਇਕ ਲੱਤ ਹੀ ਮਿਲੀ ਜੋ ਐਵੇਂ ਹੀ ਦਫ਼ਨ ਕਰ ਦਿੱਤੀਆਂ ਗਈਆਂ।

ਕਮਲਾਬੇਨ ਪਟੇਲ ਨੇ ਦੱਸਿਆ ਕਿ ਉਸ ਨੇ ਵੰਡ ਤੋਂ 8 ਸਾਲ ਬਾਅਦ ਤਕ 20728 ਚੁੱਕੀਆਂ ਗਈਆਂ ਔਰਤਾਂ ਨਾਲ ਕੰਮ ਕੀਤਾ, ਜਿਨ੍ਹਾਂ ਵਿੱਚੋ 600 ਵਾਪਸ ਭੇਜੀਆਂ ਗਈਆਂ। ਉਸ ਨੇ ਦੱਸਿਆ ਕਿ ਬਹੁਤ ਸਾਰੀਆਂ ਔਰਤਾਂ ਜੋ ਵਾਪਸ ਪਹੁੰਚੀਆਂ, ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਫ਼ੌਜੀਆਂ ਨੇ ਉਨ੍ਹਾਂ ਨੂੰ ਕਈ ਕਈ ਦਿਨ ਭੁੱਖੇ ਰੱਖ ਕੇ ਰੋਜ਼ ਸਾਰਿਆਂ ਵੱਲੋਂ ਜਬਰਜਨਾਹ ਕਰਨ ਤੋਂ ਬਾਅਦ ਹੀ ਵਾਪਸ ਭਾਰਤ ਭੇਜਿਆ ਆਪਣੀਆਂ ਧੀਆਂ, ਮਾਵਾਂ ਅਤੇ ਭੈਣਾਂ ਨੂੰ ਅਜਿਹੇ ਹਾਲਾਤ ਵਿੱਚੋਂ ਲੰਘਣ ਨਾਲੋਂ ਆਪ ਹੀ ਸਿਰ ਵੱਢ ਕੇ ਜਾਂ ਅੱਗ ਵਿੱਚ ਸਾੜ ਕੇ ਮਾਰ ਮੁਕਾ ਦਿੱਤਾ ਸੀ। ਇਨ੍ਹਾਂ ਤੋਂ ਇਲਾਵਾ ਵੀ ਕਈਆਂ ਨੇ ਖੁਲਾਸਾ ਕੀਤਾ ਕਿ ਕਿਵੇਂ ਨਿਰਵਸਤਰ ਕਰਕੇ ਪੁੱਠੇ ਟੰਗ ਕੇ ਉਨ੍ਹਾਂ ਉੱਤੇ ਤਸ਼ੱਦਦ ਢਾਹੇ ਗਏ। ਕਈਆਂ ਨੇ ਤਾਂ ਇਸ ਤੋਂ ਵੀ ਬਦਤਰ ਹਾਲਾਤ ਵੇਖੇ ਅਤੇ ਮੂੰਹ ਖੋਲ੍ਹਣ ਦੀ ਹਾਲਤ ਵਿੱਚ ਹੀ ਨਹੀਂ ਸਨ ਕਿਉਂਕਿ ਉਨ੍ਹਾਂ ਦਾ ਮਾਨਸਿਕ ਸੰਤੁਲਨ ਵਿਗੜ ਚੁੱਕਿਆ ਸੀ।

ਇਸ ਤੋਂ ਇਲਾਵਾ ਵੀ ਏਨਾ ਕੁੱਝ ਹੈ, ਜਿਸ ਨੂੰ ਪੜ੍ਹ ਸੁਣ ਕੇ ਹੀ ਦਿਮਾਗ ਸੁੰਨ ਹੋ ਜਾਂਦਾ ਹੈ ਤੇ ਕਲਮ ਵਿੱਚ ਉਸ ਨੂੰ ਬਿਆਨ ਕਰਨ ਦੀ ਤਾਕਤ ਹੀ ਨਹੀਂ। ਮਕਸਦ ਸਿਰਫ਼ ਸਭ ਨੂੰ ਇਹ ਯਾਦ ਕਰਵਾਉਣਾ ਹੈ ਕਿ ਆਜ਼ਾਦੀ ਦੀ ਜੰਗ ਵਿੱਚਲੀਆਂ ਇਨ੍ਹਾਂ ਸ਼ਹੀਦੀਆਂ ਨੂੰ ਅਣਗੌਲਿਆ ਰੱਖਿਆ ਗਿਆ ਹੈ। ਔਰਤਾਂ ਵੱਲੋਂ ਪਾਇਆ ਇਹ ਯੋਗਦਾਨ ਕਿਸੇ ਪਾਸਿਓਂ ਵੀ ਘੱਟ ਨਹੀਂ ਹੈ। ਇਸ ਤਸ਼ੱਦਦ ਨੂੰ ਯਾਦ ਕਰਨਾ ਜ਼ਰੂਰੀ ਹੈ। ਆਜ਼ਾਦੀ ਸਮਾਗਮਾਂ ਵਿੱਚ ਸ਼ਹੀਦਾਂ ਨੂੰ ਸਲਾਮੀ ਦੇਣ ਸਮੇਂ ਇਨ੍ਹਾਂ ਬੇਕਸੂਰ ਔਰਤਾਂ ਦੇ ਡੁੱਲ੍ਹੇ ਲਹੂ ਅਤੇ ਅਤਿ ਦੇ ਸਹੇ ਤਸ਼ੱਦਦ ਨੂੰ ਅੱਖੋਂ ਪਰੋਖੇ ਕਰਨਾ ਕਿਸੇ ਵੀ ਸੂਰਤ ਵਿੱਚ ਜਾਇਜ਼ ਨਹੀਂ। ਇਸ ਦਾ ਮਤਲਬ ਛਾਤੀ ਉੱਤੇ ਗੋਲੀ ਖਾ ਕੇ ਸ਼ਹੀਦ ਹੋਏ ਕਿਸੇ ਵੀਰ ਨੂੰ ਨੀਵਾਂ ਦਿਖਾਉਣਾ ਨਹੀਂ। ਬੱਸ ਗੋਲੀ ਤੋਂ ਵੱਧ ਪੀੜ ਸਹਿ ਕੇ ਹਲਾਕ ਹੋਈਆਂ ਬੇਕਸੂਰ ਵੀਰਾਂਗਣਾਂ ਨੂੰ ਯਾਦ ਰੱਖ ਕੇ ਉਨ੍ਹਾਂ ਦੀਆਂ ਰੂਹਾਂ ਨੂੰ ਤਾਂ ਠੰਡਕ ਪਹੁੰਚਾ ਦੇਈਏ। ਜੇ ਏਨੀ ਕੁ ਕੁਰਬਾਨੀ ਹੀ ਯਾਦ ਰੱਖ ਲਈ ਜਾਏ ਤਾਂ ਔਰਤ ਦਾ ਨਿਰਾਦਰ ਸ਼ਾਇਦ ਕੁੱਝ ਘੱਟ ਜਾਏ ਅਤੇ ਉਸ ਨੂੰ ਬਣਦੀ ਇੱਜਤ ਮਿਲ ਜਾਏ।

ਚੇਤੇ ਰਹੇ ਕਿ ਵੰਡ ਦੀ ਸਭ ਤੋਂ ਵੱਧ ਮਾਰ ਅਤੇ ਸੰਤਾਪ

ਬਾਕੀ ਸਫ਼ਾ 37 'ਤੇ ......

## ਬੇਟੀਆਂ ਦੀ ਚੜ੍ਹਤ

ਅੱਜ ਕੱਲ੍ਹ ਲੜਕੀਆਂ ਆਪਣੇ ਦੇਸ਼ ਵਿੱਚ ਹੀ ਪੜ੍ਹਾਈ, ਖੇਡਾਂ, ਰੁਜ਼ਗਾਰ ਲਈ ਮੁਕਾਬਲਿਆਂ ਵਿੱਚ ਮੱਲਾਂ ਮਾਰ ਰਹੀਆਂ ਹਨ। ਸਿਵਲ ਸਰਵਿਸਸ ਪ੍ਰੀਖਿਆ 2021 ਦੇ ਨਤੀਜੇ ਵਿੱਚ ਤਿੰਨ ਲੜਕੀਆਂ-ਸ਼ਰੁਤੀ ਸ਼ਰਮਾ, ਅੰਕਿਤ ਅਗਰਵਾਲ ਅਤੇ ਅਨੰਦਪੁਰ ਸਾਹਿਬ ਦੀ ਵਸਨੀਕ ਗਾਮਿਨੀ ਸਿੰਗਲਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਸਾਲਾਨਾ ਨਤੀਜੇ ਵਿੱਚ ਕੁੜੀਆਂ ਨੇ ਬਾਜ਼ੀ ਮਾਰ ਲਈ ਹੈ। ਲੁਧਿਆਣਾ ਦੀ ਅਰਸ਼ਦੀਪ ਕੌਰ, ਮਾਨਸਾ ਜ਼ਿਲ੍ਹੇ ਦੀ ਅਰਸ਼ਪ੍ਰੀਤ ਕੌਰ ਅਤੇ ਜ਼ਿਲ੍ਹਾ ਫਰੀਦਕੋਟ ਦੀ ਕੁਲਵਿੰਦਰ ਕੌਰ ਨੇ ਪੰਜਾਬ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ ਹਨ। ਰਾਸ਼ਟਰ ਮੰਡਲ ਖੇਡਾਂ ਵਿੱਚ ਵੀ ਲੜਕੀਆਂ ਨੇ ਵਰਣਨਯੋਗ ਤਮਗੇ ਹਾਸਲ ਕੀਤੇ ਹਨ ਜਿਸ ਨੇ ਦੇਸ਼ ਦਾ ਮਾਣ ਵਧਾਇਆ ਹੈ।



ਰੋਪੜ ਸ਼ਹਿਰ ਦੀ 8 ਸਾਲ ਤੋਂ ਘੱਟ ਉਮਰ ਦੀ **ਸਾਨਵੀ ਸੂਦ** ਜਿਸ ਨੇ ਅਫ਼ਰੀਕਾ ਦੀ ਕਿਲੀਮੰਜਾਰੋ ਚੋਟੀ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਹ ਪਹਾੜੀ ਚੋਟੀ ਅਫ਼ਰੀਕਾ ਦੀ ਸਭ ਤੋਂ ਉੱਚੀ ਅਤੇ ਵਿਸ਼ਵ ਦੀਆਂ ਸੱਤ ਪਹਿਲੀਆਂ ਉੱਚੀਆਂ ਚੋਟੀਆਂ ਵਿੱਚੋਂ ਇੱਕ ਹੈ। ਸਾਨਵੀ ਸੂਦ 5895 ਮੀਟਰ ਉੱਚੀ ਇਸ ਚੋਟੀ 'ਤੇ ਪਹੁੰਚਣ ਵਾਲੀ ਏਸ਼ੀਆ ਦੀ ਸਭ ਤੋਂ ਛੋਟੀ ਉਮਰ ਦੀ ਲੜਕੀ ਹੈ। ਇਸ ਤੋਂ ਪਹਿਲਾਂ ਉਹ ਮਾਊਂਟ ਐਵਰੈਸਟ ਦੇ 5363 ਮੀਟਰ ਉੱਚੇ ਬੇਸ ਕੈਂਪ ਤੱਕ ਪੁੱਜਣ ਵਿੱਚ ਸਫ਼ਲਤਾ ਹਾਸਲ ਕਰ ਚੁੱਕੀ ਹੈ। ਰੋਪੜ ਸ਼ਹਿਰ ਦੇ ਸ਼੍ਰੀ ਦੀਪਕ ਸੂਦ ਦੀ ਇਸ ਬੇਟੀ ਨੇ ਸ਼ਹਿਰ, ਸੂਬੇ ਅਤੇ ਦੇਸ਼ ਦਾ ਨਾਮ ਉੱਚਾ ਕੀਤਾ ਹੈ।



ਮੋਹਾਲੀ ਜ਼ਿਲ੍ਹੇ ਦੇ ਖਰੜ ਸ਼ਹਿਰ ਦੀ 7 ਸਾਲ ਉਮਰ ਦੀ **ਸਾਇਸ਼ਾ ਗੁਪਤਾ** ਜਿਸ ਨੇ ਸੋਨੀ ਟੀਵੀ ਦੇ ਰਾਸ਼ਟਰ ਪੱਧਰੀ ਸੁਪਰ ਸਟਾਰ ਸਿੰਗਰ-2 ਮੁਕਾਬਲੇ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਸੈਕਿੰਡ ਰਨਰਅੱਪ ਦੀ ਪੁਜ਼ੀਸ਼ਨ ਹਾਸਲ ਕੀਤੀ ਹੈ। ਉਹ ਸਨੀ ਇੰਨਕਲੇਵ ਦੀ ਵਾਸੀ ਅਤੇ ਚੌਥੀ ਜਮਾਤ ਦੀ ਵਿਦਿਆਰਥਣ ਹੈ।

ਲੜਕੀਆਂ ਦੀਆਂ ਇਹ ਪ੍ਰਾਪਤੀਆਂ ਉਮੀਦ ਬਨ੍ਹਾਉਂਦੀਆਂ ਹਨ ਕਿ ਉਹ ਸਹਿਜੇ ਸਹਿਜੇ ਸਮਾਜ ਵਿੱਚ ਆਪਣੀ ਮਾਣਮੱਤੀ ਬਰਾਬਰੀ ਵਾਲੀ ਬਣਦੀ ਜਗ੍ਹਾ ਬਣਾ ਲੈਣਗੀਆਂ। ਹੁਣ ਸਮਾਜ ਦਾ ਫ਼ਰਜ਼ ਬਣਦਾ ਹੈ ਕਿ ਉਹ ਕੁੜੀਆਂ ਦੀ ਪ੍ਰਤਿਭਾ ਨੂੰ ਪਛਾਣ ਕੇ ਆਪਣੀ ਪਿਛਾਖੜੀ ਸੋਚ ਨੂੰ ਤਿਆਗੇ ਤਾਂ ਜੋ ਉਹ ਗੌਰਵਮਈ ਜੀਵਨ ਜਿਉਣ ਦੇ ਸਮਰੱਥ ਹੋ ਸਕਣ।

## ਵਾਹ ਦੇਸ਼ ਪੰਜਾਬ ਪਿਆਰਿਆ ਤੇਰੀ ਅਜਬ ਕਹਾਣੀ

ਪੰਦਰਾਂ ਅਗਸਤ, 1947 ਨੂੰ ਦੇਸ਼ ਆਜ਼ਾਦ ਹੋਇਆ, ਵੰਡ ਦੀ ਲਕੀਰ ਨੇ ਲੋਕਾਂ ਨੂੰ ਆਪੋ ਆਪਣੀ ਭੋਇੰ ਛੱਡ ਕੇ ਬੇਗਾਨੀ ਧਰਤੀ 'ਤੇ ਜਾ ਕੇ ਟਿਕਣ ਲਈ ਮਜ਼ਬੂਰ ਕਰ ਦਿੱਤਾ, ਪੰਜਾਬ ਦੀ ਵੰਡ ਦੇ ਸੱਲ੍ਹ ਨੇ ਦਰਜਣਾ ਕਲਮਕਾਰਾਂ ਨੂੰ ਝੰਜੋੜਿਆ ਅਤੇ ਉਨ੍ਹਾਂ ਨੇ ਭਾਵਪੂਰਨ ਰਚਨਾਵਾਂ ਲਿਖੀਆਂ ਇਨ੍ਹਾਂ ਵਿੱਚ ਕਹਾਣੀਆਂ, ਕਵਿਤਾਵਾਂ, ਗੀਤ ਆਦਿ ਸ਼ਾਮਲ ਹਨ।

**ਅੰਮ੍ਰਿਤਾ ਪ੍ਰੀਤਮ ਕੁਰਲਾ ਉੱਠੀ–**

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ,<br>
ਤੇ ਅੱਜ ਕਿਤਾਬੇ–ਇਸ਼ਕ ਦਾ ਕੋਈ ਅਗਲਾ ਵਰਕਾ ਫ਼ੋਲ।<br>
ਵੇ ਦਰਦਮੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ,<br>
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।<br>
ਧਰਤੀ 'ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ,<br>
ਪ੍ਰੀਤ ਦੀਆਂ ਸ਼ਾਹਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ।

**ਪ੍ਰੋ. ਮੋਹਣ ਸਿੰਘ ਨੇ ਰੱਬ ਨੂੰ ਉਲਾਂਭਾ ਦਿੱਤਾ–**

ਆ ਬਾਬਾ ਤੇਰਾ ਵਤਨ ਵੀਰਾਨ ਹੋ ਗਿਆ,<br>
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।<br>
ਕੁੱਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,<br>
ਕਿ ਕੁਫ਼ਰ ਤੋਂ ਵੀ ਹੌਲ਼ਾ ਈਮਾਨ ਹੋ ਗਿਆ।

**ਸੁਰਜੀਤ ਪਾਤਰ ਨੇ ਪੰਜ ਦਰਿਆਵਾਂ ਦਾ ਦਰਦ ਬਿਆਨਿਆਂ–**

ਸਤਲੁਜ ਨੂੰ ਕੁੱਝ ਸਮਝ ਨਾ ਆਵੇ ਜਸ਼ਨਾਂ ਵਿੱਚ ਕਿੰਜ ਰੋਵੇ,<br>
ਨਾ ਵੀ ਰੋਵੇ ਤਾਂ ਲਹਿਰਾਂ ਵਿੱਚ ਲਾਸ਼ਾਂ ਕਿਵੇਂ ਲੁਕੋਵੇ।<br>
ਸੁਣਿਆਂ ਸੀ ਪਾਣੀ ਨੂੰ ਕੋਈ ਚੀਰ ਨ ਸਕਿਆ,<br>
ਪਰ ਰਾਵੀ ਦੇ ਟੁਕੜੇ ਹੋਈ ਅਸੀਂ ਤਾਂ ਅੱਖੀਂ ਤੱਕਿਆ।<br>
ਨਾਲ ਨਮੋਸ਼ੀ ਪਾਣੀ ਪਾਣੀ ਹੋਏ ਝਨਾ ਦੇ ਪਾਣੀ,<br>
ਨਫ਼ਰਤ ਦੇ ਵਿੱਚ ਡੁੱਬ ਕੇ ਮਰ ਗਈ<br>
ਹਰ ਇੱਕ ਪ੍ਰੀਤ ਕਹਾਣੀ।<br>
ਕਹੇ ਬਿਆਸਾ ਮੈਂ ਬੇਆਸਾ ਮੈਂ ਕੀ ਧੀਰ ਧਰਾਵਾਂ,<br>
ਇਹ ਰਤ ਰੰਗੇ ਆਪਣੇ ਪਾਣੀ ਕਿੱਥੇ ਧੋਵਣ ਜਾਵਾਂ।<br>
ਜਿਹਲਮ ਆਖੇ ਚੁੱਪ ਭਰਾਵੋ ਪਾਣੀ ਦਾ ਕੀ ਰੋਣਾਂ,<br>
ਕਿਸ ਤੱਕਣਾ ਪਾਣੀ ਦਾ ਹੰਝੂ ਪਾਣੀ ਵਿੱਚ ਸਮੋਣਾ।



ਗਜ਼ਲ

## ਆਜ਼ਾਦੀ ਆ ਵੀ ਸਕਦੀ ਸੀ

ਜਤਿੰਦਰ ਲਸਾੜਾ

ਜੇ ਧਰਤੀ ਕਤਲ ਨਾ ਹੁੰਦੀ<br>
ਮਨੁੱਖੀ ਘਾਣ ਨਾ ਹੁੰਦਾ<br>
ਨਾ ਇੱਜ਼ਤਾਂ ਰੁਲ਼ਦੀਆਂ ਜੇ ਕਰ<br>
ਅਜ਼ਾਦੀ ਆ ਵੀ ਸਕਦੀ ਸੀ।

ਮਨੁੱਖ ਜ਼ਾਤਾਂ 'ਚ ਨਾ ਵੰਡਦਾ<br>
ਦਿਲੀਂ ਜੇ ਪਾੜ ਨਾ ਪੈਂਦੇ<br>
ਜੇ ਰਿਸ਼ਤੇ ਲੀਰ ਨਾ ਹੁੰਦੇ<br>
ਅਜ਼ਾਦੀ ਆ ਵੀ ਸਕਦੀ ਸੀ।

ਨਾ ਬਣਦਾ ਜੇ ਮਨੁੱਖ ਵਹਿਸ਼ੀ<br>
ਤੇ ਨਫਰਤ ਗੀਤ ਨਾ ਗਾਉਂਦੀ<br>
ਜੇ ਦੰਗੇ ਨਾਚ ਨਾ ਕਰਦੇ<br>
ਅਜ਼ਾਦੀ ਆ ਵੀ ਸਕਦੀ ਸੀ।

ਜੇ ਰਹਿਬਰ ਚੋਰ ਨਾ ਬਣਦੇ<br>
ਤੇ ਨੇਤਾ ਦੇਸ਼ ਨਾ ਠਗਦੇ<br>
ਜ਼ਮੀਰਾਂ ਮਰਦੀਆਂ ਨਾ ਜੇ<br>
ਅਜ਼ਾਦੀ ਆ ਵੀ ਸਕਦੀ ਸੀ।

ਜੇ ਚੁੱਲ੍ਹੀਂ ਉੱਗਦਾ ਨਾ ਘਾਅ<br>
ਘਰਾਂ ਦੇ ਨਾ ਸਿਵੇ ਬਣਦੇ<br>
ਜੇ ਕਰ ਮਜ਼ਲੂਮ ਨਾ ਸੜਦੇ<br>
ਅਜ਼ਾਦੀ ਆ ਵੀ ਸਕਦੀ ਸੀ।

ਕੋਈ ਨਿਰਦੋਸ਼ ਨਾ ਮਰਦਾ<br>
ਕੋਈ ਦਰ ਦਰ ਜੇ ਨਾ ਰੁਲ਼ਦਾ<br>
ਅਗਰ ਇਨਸਾਫ਼ ਹੋ ਜਾਂਦਾ<br>
ਅਜ਼ਾਦੀ ਆ ਵੀ ਸਕਦੀ ਸੀ।

ਜੇ ਬਣਿਆਂ ਪਿਆਰ ਰਹਿ ਜਾਂਦਾ<br>
ਦਿਲਾਂ ਦੀ ਸਾਂਝ ਰਹਿ ਜਾਂਦੀ<br>
ਜੇਕਰ ਵਿਸ਼ਵਾਸ ਜਿੱਤ ਜਾਂਦਾ<br>
ਅਜ਼ਾਦੀ ਆ ਵੀ ਸਕਦੀ ਸੀ।

ਹੱਡਬੀਤੀ

# ਸਿਮਰਨ

**ਡਾ. ਅਜਮੇਰ ਸਿੰਘ ਤੰਬੜ**
**ਰੂਪਨਗਰ**



ਪੰਛੀਆਂ ਦੀ ਜੀਵਨ-ਜਾਚ ਬਾਰੇ ਗੁਰਬਾਣੀ ਦਾ ਸ਼ਬਦ-'ਮਨ ਮਹਿ ਸਿਮਰਨੁ ਕਰਿਆ' ਹਰ ਰੋਜ਼ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਮਨ ਵਿੱਚ ਇਹ ਸ਼ੰਕਾ ਰਹਿੰਦੀ ਸੀ ਕਿ ਮਨੁੱਖ ਤਾਂ ਸਿਮਰਨ ਕਰਦੇ ਦੇਖੇ-ਸੁਣੇ ਹਨ ਪਰ ਪੰਛੀ ਬਿਨਾਂ ਬੋਲੇ ਇਹ ਗੰਭੀਰ ਕਾਰਜ ਕਿਵੇਂ ਕਰ ਸਕਦੇ ਹਨ? ਮੇਰੇ ਘਰ ਵਿੱਚ ਵਾਪਰੀ ਇੱਕ ਘਟਨਾ ਨੇ ਮੇਰੀ ਇਸ ਸ਼ੰਕਾ ਨੂੰ ਦੂਰ ਕਰ ਦਿੱਤਾ।

ਮੇਰੇ ਘਰ ਦੇ ਇੱਕ ਪਾਸੇ ਵਿਹੜੇ ਵੱਲ ਇੱਕ ਖੁਲ੍ਹਾ ਗਰਾਜਨੁਮਾ ਦਲਾਨ ਬਣਿਆਂ ਹੋਇਆ ਹੈ। ਇਸ ਵਿੱਚ ਕਾਰ ਖੜ੍ਹੀ ਕਰ ਕੇ ਵੀ ਕਾਫੀ ਜਗ੍ਹਾ ਬਚ ਜਾਂਦੀ ਹੈ। ਗਰਮੀਆਂ ਦੇ ਦਿਨਾਂ ਵਿੱਚ ਮੈਂ ਅਕਸਰ ਇਸ ਜਗ੍ਹਾ 'ਚ ਬੈਠਣ ਨੂੰ ਪਸੰਦ ਕਰਦਾ ਹਾਂ। ਇੱਥੇ ਤਾਜ਼ੀ ਹਵਾ ਵਿੱਚ ਬੈਠਿਆਂ ਕਈ ਕੁਦਰਤ ਦੇ ਕ੍ਰਿਸ਼ਮਿਆਂ ਨੂੰ ਸੂਖਮਤਾ ਨਾਲ ਵਾਚਣ ਦਾ ਮੌਕਾ ਮਿਲ ਜਾਂਦਾ ਹੈ। ਇੱਥੇ ਕਈ ਪ੍ਰਕਾਰ ਦੇ ਛੋਟੇ-ਵੱਡੇ ਪੰਛੀ ਭਿੰਨ ਭਿੰਨ ਪ੍ਰਕਾਰ ਦੀਆਂ ਆਵਾਜ਼ਾਂ ਕੱਢਦੇ ਘੁੰਮਦੇ ਰਹਿੰਦੇ ਹਨ। ਕਈ ਤਾਂ ਜਾਣੇ-ਪਛਾਣੇ ਹੁੰਦੇ ਹਨ ਪਰ ਕੁੱਝ ਅਜਨਬੀ ਵੀ ਹੁੰਦੇ ਹਨ। ਇਨ੍ਹਾਂ ਵਿੱਚ ਛੋਟੇ ਆਕਾਰ ਤੇ ਲੰਮੀ ਪੂਛ ਵਾਲੇ ਪੰਛੀ ਵੀ ਹੁੰਦੇ ਹਨ ਜਿਨ੍ਹਾਂ ਦੀਆਂ ਪੂਛਾਂ ਨੀਚੇ ਤੋਂ ਲਾਲ ਹੁੰਦੀਆਂ ਹਨ। ਇਨ੍ਹਾਂ ਦੀ ਆਵਾਜ਼ ਬਹੁਤ ਮਿੱਠੀ ਹੁੰਦੀ ਹੈ। ਇਹ ਕਦੇ ਆਪੋ ਵਿੱਚ ਲੜਦੇ ਨਹੀਂ ਦੇਖੇ ਅਤੇ ਰੌਲ਼ਾ ਵੀ ਦੂਜਿਆਂ ਪੰਛੀਆਂ ਨਾਲੋਂ ਘੱਟ ਪਾਉਂਦੇ ਹਨ। ਪੰਛੀਆਂ ਦੇ ਪੜ੍ਹੇ-ਸੁਣੇ ਲੱਛਣਾਂ ਤੋਂ ਮੈਨੂੰ ਇਹ ਪੰਛੀ ਬੁਲਬੁਲ ਜਾਪੇ।

ਇਸ ਜਗ੍ਹਾ ਹੀ ਮੀਂਹ-ਕਿਣੀ ਸਮੇਂ ਕੱਪੜੇ ਸੁੱਕਣੇ ਪਾਉਣ ਲਈ ਇੱਕ ਰੱਸੀ ਬੰਨ੍ਹੀ ਹੋਈ ਹੈ ਜਿਸ ਦੇ ਇੱਕ ਸਿਰੇ 'ਤੇ ਚੌੜੀ ਜਿਹੀ ਵੱਡੀ ਗੰਢ ਹੈ। ਇੱਕ ਦਿਨ ਮੈਂ ਦੇਖਿਆ ਕਿ ਇੱਕ ਬੁਲਬੁਲ ਨਰਮ-ਨਰਮ ਧਾਗੇ ਜਿਹੇ ਲਿਆ ਕੇ ਇਸ ਗੰਢ 'ਤੇ ਟਿਕਾ ਰਹੀ ਸੀ। ਬਹੁਤੀ ਵਾਰ ਇਹ ਧਾਗੇ ਫਰਸ਼ 'ਤੇ ਡਿਗ ਪੈਂਦੇ ਪਰ ਉਹ ਹੋਰ ਲਿਆ ਕੇ ਰੱਖ ਦਿੰਦੀ। ਉਸ ਨੇ ਲਗਾਤਾਰ ਹਫਤੇ ਕੁ ਦੀ ਮਿਹਨਤ ਤੋਂ ਬਾਅਦ ਕੌਲੀ ਵਰਗਾ ਇੱਕ ਬਹੁਤ ਵਧੀਆ ਆਲ੍ਹਣਾ ਬਣਾ ਲਿਆ। ਉਸ ਨੇ ਕਈ ਵਾਰ ਇਸ ਵਿੱਚ ਬੈਠ ਕੇ ਇਸ ਦੀ ਪਕਿਆਈ ਨੂੰ ਵੀ ਪਰਖਿਆ। ਉਸ ਪੰਛੀ ਦੇ ਸਹਿਜਤਾ ਅਤੇ ਸਿਆਣਪ ਦੇ ਗੁਣਾਂ ਕਾਰਨ ਮੈਨੂੰ ਉਹ ਮਾਦਾ ਬੁਲਬੁਲ ਜਾਪੀ। ਕਦੇ ਕਦੇ ਉਸ ਵਰਗਾ ਇੱਕ ਹੋਰ ਪੰਛੀ ਵੀ ਉਸ ਦੀ ਮਦਦ ਕਰਦਾ ਦਿਖਾਈ ਦਿੱਤਾ ਜੋ ਆਪਣੇ ਲਾਪ੍ਰਵਾਹ ਜਿਹੇ ਸੁਭਾ ਕਾਰਨ ਮੈਨੂੰ ਨਰ ਬੁਲਬੁਲ ਜਾਪਿਆ।

ਫਿਰ ਮਾਦਾ ਬੁਲਬੁਲ ਇਸ ਆਲ੍ਹਣੇ ਵਿੱਚ ਬੈਠ ਗਈ ਅਤੇ ਬਿਨਾਂ ਕੁੱਝ ਖਾਧੇ-ਪੀਤੇ ਲਗਾਤਾਰ ਕਈ ਦਿਨਾਂ ਤੱਕ ਚੁੱਪਚਾਪ ਬੈਠੀ ਰਹੀ। ਮੈਨੂੰ ਚਿੰਤਾ ਜਿਹੀ ਹੋਈ ਕਿ ਬਿਨਾਂ ਪਾਣੀ ਅਤੇ ਖੁਰਾਕ ਦੇ ਉਹ ਕਿਵੇਂ ਬੈਠੀ ਰਹਿ ਸਕਦੀ ਹੈ, ਕਿਤੇ ਮਰ ਤਾਂ ਨਹੀਂ ਗਈ। ਮੈਂ ਹਰ ਰੋਜ਼ ਉਸ ਨੂੰ ਧਿਆਨ ਨਾਲ ਦੇਖਦਾ ਪਰ ਉਹ ਹਿੱਲੀਜੁੱਲੀ ਨਹੀਂ। ਉਸ ਨੇ ਅੱਖਾਂ ਬੰਦ ਕਰ ਕੇ ਆਪਣੀ ਚੁੰਝ ਉੱਪਰ ਵੱਲ ਕੀਤੀ ਹੋਈ ਸੀ। ਮੈਨੂੰ ਆਪਣੀ ਅੰਤਰਆਤਮਾ ਦੀ ਆਵਾਜ਼ ਸੁਣਾਈ ਦਿੱਤੀ ਕਿ ਇਹ ਤਾਂ ਕਿਸੇ ਅਗੰਮੀ ਸ਼ਕਤੀ ਦੀ ਰਜ਼ਾ ਵਿੱਚ ਸਮਾਧੀ ਲਗਾਈ ਬੈਠੀ ਹੈ। ਸ਼ਾਇਦ ਕਾਦਰ ਨੇ ਇਸ ਬੁਲਬੁਲ ਨੂੰ ਕਿਸੇ ਨਵੇਂ ਜੀਵਨ ਨੂੰ ਪ੍ਰਗਟ ਕਰਨ ਲਈ ਹੁਕਮ ਕੀਤਾ ਹੋਇਆ ਹੈ। ਇਸ ਕਰਕੇ ਹੀ ਇਹ ਸਿਮਰਨ ਵਿੱਚ ਬੈਠੀ ਹੈ। ਮੈਂ ਆਪਣੇ ਘਰਦਿਆਂ ਨੂੰ ਇਸ ਰੱਸੀ 'ਤੇ ਕੋਈ ਕੱਪੜੇ ਸੁਕਣੇ ਪਾਉਣ ਤੋਂ ਵਰਜ ਦਿੱਤਾ ਕਿ ਕਿਤੇ ਰੱਸੀ ਦੇ ਹਿੱਲਣ ਨਾਲ ਬੁਲਬੁਲ ਦੀ ਸਮਾਧੀ ਭੰਗ ਨਾ ਹੋ ਜਾਵੇ। ਮੈਂ ਇੱਕ-ਦੋ ਵਾਰ ਤਰਸ ਜਿਹਾ ਕਰਕੇ ਇਸ ਭੁੱਖੀਭਾਣੀ ਬੁਲਬੁਲ ਨੂੰ ਕੁਝ ਚੋਗਾ ਪਾਉਣ ਬਾਰੇ ਵੀ ਸੋਚਿਆ ਪਰ ਫਿਰ ਕਿਸੇ ਡਰ ਨਾਲ ਇਰਾਦਾ ਬਦਲ ਲਿਆ ਕਿ ਅਜਿਹਾ ਕਰ ਕੇ ਮੈਂ ਕਿਤੇ ਉਸ ਦੀ ਇਕਾਗਰਤਾ ਨੂੰ ਭੰਗ ਕਰਨ ਦਾ ਦੋਸ਼ੀ ਨਾ ਬਣ ਜਾਵਾਂ।

ਦਸ ਕੁ ਦਿਨ ਤੋਂ ਬਾਅਦ ਉਹ ਉਡ਼ੀ। ਆਲ੍ਹਣੇ ਵਿੱਚੋਂ ਚੀਂ ਚੀਂ ਦੀ ਆਵਾਜ਼ ਸੁਣਾਈ ਦਿੱਤੀ। ਮੈਂ ਥੋੜ੍ਹਾ ਜਿਹਾ ਲਾਗੇ ਹੋਇਆਂ ਤਾਂ ਤਿੰਨ ਚੁੰਜਾਂ ਖੁਲ੍ਹੀਆਂ ਹੋਈਆਂ ਉੱਪਰ ਨੂੰ ਉੱਠੀਆਂ ਹੋਈਆਂ ਦਿਖਾਈ ਦਿੱਤੀਆਂ। ਮੇਰੀ ਇਸ ਹਰਕਤ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਿਆਂ ਉਹ ਬੁਲਬੁਲ ਤੁਰੰਤ ਆਲ੍ਹਣੇ 'ਤੇ ਆ ਬੈਠੀ। ਮੈਨੂੰ ਲੱਗਾ ਕਿ ਪੰਛੀ ਨੂੰ ਵੀ ਮਨੁੱਖ 'ਤੇ ਭਰੋਸਾ ਨਹੀਂ। ਉਹ ਵਾਰ ਵਾਰ ਉਡ਼ਦੀ, ਆਪਣੇ ਮੂੰਹ ਵਿੱਚ ਕੁੱਝ ਲਿਆਉਂਦੀ ਅਤੇ ਆਲ੍ਹਣੇ ਦੇ ਕਿਨਾਰੇ 'ਤੇ ਬੈਠ ਕੇ ਬੱਚਿਆਂ ਦੀਆਂ ਖੁਲ੍ਹੀਆਂ ਚੁੰਜਾਂ ਵਿੱਚ ਪਾ ਜਾਂਦੀ। ਫਿਰ ਉਸ ਦਾ ਨਰ ਸਾਥੀ ਵੀ ਫੇਰੀਆਂ ਪਾਉਣ ਲੱਗਾ, ਸ਼ਾਇਦ ਬੱਚਿਆਂ ਦੀ ਸੁਰੱਖਿਆ ਦੀ ਨਿਗਰਾਨੀ ਲਈ। ਜਦੋਂ ਵੀ ਕੋਈ ਹੋਰ ਪੰਛੀ ਗਰਾਜ ਵਿੱਚ ਆਉਂਦਾ, ਉਹ ਦੋਵੇਂ ਉੱਚੀ ਉੱਚੀ ਆਵਾਜ਼ ਵਿੱਚ ਰੌਲ਼ਾ ਪਾਉਣ ਲਗਦੇ ਅਤੇ ਕਦੇ ਕਦੇ ਉਨ੍ਹਾਂ ਦੇ ਪਿੱਛੇ ਭੱਜਦੇ ਵੀ। ਉਨ੍ਹਾਂ ਨੇ ਤਾਂ ਮੇਰੇ ਇੱਥੇ ਬੈਠਣ 'ਤੇ ਵੀ ਪਾਬੰਦੀ ਲਾ ਦਿੱਤੀ। ਇਸ ਦੇ ਬਾਵਜੂਦ ਇਹ ਬੱਚੇ ਖੁਲ੍ਹੇ ਆਸਮਾਨ ਥੱਲੇ ਬਿਨਾਂ ਕਿਸੇ ਸੁਰੱਖਿਆ ਪਰਦੇ ਤੋਂ ਪਏ ਸਨ। ਕੋਈ ਵੀ ਸ਼ਿਕਾਰੀ ਪੰਛੀ ਜਾਂ ਜਾਨਵਰ ਆ ਕੇ ਇਨ੍ਹਾਂ ਨੂੰ ਹੜੱਪ ਕਰ ਸਕਦਾ ਸੀ। ਇਨ੍ਹਾਂ ਨੂੰ ਕਿਸੇ ਅਦਿੱਖ ਸ਼ਕਤੀ ਨੇ ਹੱਥ ਦੇ ਕੇ ਰੱਖਿਆ ਹੋਇਆ ਸੀ। ਕੁੱਝ ਹੀ ਦਿਨਾਂ ਵਿੱਚ ਇਹ ਬੱਚੇ ਖੰਭ ਮਾਰਨ ਲੱਗੇ ਅਤੇ ਫਿਰ ਆਪਣੇ ਮਾਂਬਾਪ ਦੀ ਅਗਵਾਈ ਵਿੱਚ ਪਹਿਲਾਂ ਛੋਟੀਆਂ ਛੋਟੀਆਂ ਅਤੇ ਫਿਰ ਵੱਡੀਆਂ ਉਡਾਨਾਂ ਲਾਉਂਦੇ ਆਲ੍ਹਣੇ ਨੂੰ ਛੱਡ ਕੇ ਚਲੇ ਗਏ।

ਮੈਂ ਸੋਚ ਰਿਹਾ ਸੀ ਕਿ ਕਾਦਰ ਦੀ ਜਿਸ ਪ੍ਰਕਿਰਿਆ ਨੂੰ ਇਹ ਪੰਛੀ ਭਰੋਸੇ ਅਤੇ ਸਹਿਜਤਾ ਨਾਲ ਨੇਪਰੇ ਚਾੜ੍ਹਦੇ ਹਨ ਉਸ ਲਈ ਮਨੁੱਖ ਸੌ ਪ੍ਰਕਾਰ ਦੇ ਪਾਪੜ ਵੇਲਦਾ ਹੈ। ਉਹ ਮਾਂ

ਬਾਕੀ ਸਫਾ 44'ਤੇ.....



SAINI CHARITABLE EDUCATION TRUST (Regd.)
SAINI BHAWAN, RUPNAGAR

ਅਮਰਜੀਤ ਸਿੰਘ
ਸੈਣੀ ਭਵਨ ਰੂਪਨਗਰ

# SCHOLARSHIPS 2022-23

**DONORS OF REGULAR SCHOLARSHIPS**

| S.NO | Name of Donor | Donated Amt. | Name of Scholarship |
|---|---|---|---|
| 1 | Late Sh.Lekh Raj Mundra<br>Haveli Kalan, Rupnagar. | 70,00,000<br>2,49,897 | Sh. L. R. Mundra Memorial Scholarship<br>Sh.Munshi Ram Memorial scholarship. |
| 2 | Mrs. Jaspal Kaur W/o S. Baldev Singh Mundra,<br>Kandivali-East,Mumbai | 26,75,000 | Mata Durgi Devi Saini/ S. Mota Singh Saini Memorial Scholarship |
| 3 | Lt.Col.Gurdas Ram Saini (Retd.)<br>#192/D.C.Road Hoshiarpur | 20,45,000 | Lt.Col.G.R.Saini & Smt. Kaushalya Devi Memorial Scholarship |
| 4 | S.Hardev Singh Saini<br>Flemington (U.S.A.) | 11,00,000 | Sri Ram/ Hardev Singh Scholarship |
| 5 | Sh.Lajpat Rai Saini<br>East of Kailash, New Delhi | 3,49,000 | Baboo Ram Saini Memorial Scholarship |
| 6 | S.Tekpal Singh Saini<br>Faridabad (Haryana) | 3,32,000 | Mata Prem Kaur /S.Pritm Singh Nambardar Memorial Scholarship |
| 7 | S.Gurmukh Singh Saini (MC)<br>S.B.S. Nagar, Rupnagar. | 3,02,000 | S.Gurbax Singh Nuhon Memorial Scholarship |
| 8 | Dr. Sowaran Singh PAU/ Mrs Rajinder Kaur Ludhiana | 2,51,100 | Mata Gayanty Devi Memorial Scholarship |
| 9 | Mrs.Baldev Chaudhry<br>G.Z.S.Nagar, Rupnagar. | 2,10 ,000 | Sh.P.C.Saini Memorial Scholarship |
| 10 | Late Mrs.Rajinder Kaur W/o Dr.Rajwant Singh,<br>S.A.S.Nagar (Mohali). | 2,00,000 | Mata Sham Kaur Khuaspura Memorial Scholarship |
| 11 | Dr.Rajwant Singh<br>SAS Nagar (Mohali). | 2,00,000 | S.Hardip Singh Tehsildar Memorial Scholarship |
| 12 | Mrs.Gurjinder Kaur W/o Sh. Rajesh Chaudhry,<br>D.C.Road, Hoshiarpur. | 1,75,000 | Smt. Gurjinder Kaur /Sh.Rajesh Chaudhry Scholarship. |
| 13 | Mr.Ujjal Singh Dosanjh<br>Vancouver (Canada). | 1,50,000 | Sh.Ujjal Singh Dosanjh Scholarship |
| 14 | Late Sh. B.R.Tumber SDO (Retd.)<br>New Delhi | 1,46,200 1. | Hakim Jethu Ram, Smt. Kailash Tumber & Sh.B.R.Tumber Memorial Scholarship |
| 15 | Smt.Ranjit Kaur D/o S. Mahinder Singh Girn (USA). | 1.07,000 | S.Mahinder Singh Girn Memorial Scholarship |
| 16 | Sh.Charan Singh Saini<br>Sunny Enclave, Sector-125, S.A.S.Nagar | 1,03,000 | Sh.Charan Singh Saini Scholarship |
| 17 | Flt. Lt. (Hon) Tarlochan Singh (Retd.)<br>Mohali | 1,00,000 | Mata Swaran Kuar Memorial Scholarship |
| 18 | Dr. Jaswant Kaur Saini<br>Guru Nagar, Rupnagar. | 1,00,000 | Smt.Swaran Kaur/ S. Jagat Singh Memorial Scholarship |
| 19 | Sh.Gurmit Singh Jattana<br>Chandigarh. | 1,00,000 | S.Bakhtawar Singh Memorial Scholarship |
| 20 | Smt.Harbans Kaur & Late Sh.Trilochan Singh, Hotel Amer Palace,BHOPAL | 93,500 | Smt.Harbans Trilochan Scholarship |
| 21 | S.Gurinder Singh Toni<br>Guru Nanak Tent, Rupnagar. | 40,000 | Smt.Ajmer Kaur Memorial Scholarship |
| 22 | Late S. Bhag Singh Saini<br>Greater NOIDA (U.P) | 37,300 | Kumari Veerpal Kaur Memorial Scholarship |
| 23 | Sh. Chander Shekher, Rupnagar | 41,000 | Sh Ajit Ram Memorial Scholarship |
| 24 | Late Sh.Baldev Singh Saini<br>Arera Colony, Bhopal (M.P). | 31,000 | Smt. Bishan Devi Memorial Scholarship |
| 25 | Late Smt. Damyanti Saini w/o Sh. Dilbagh Rai Saini,<br>Arera Colony Bhopal (M.P) | 30,000 | Mata Basant Kaur Memorial Scholarship |

## DONORS OF CASUAL SCHOLARSHIPS (2022-23)

| Sr.No. | Name of Donor | Amt. donated | Name of Scholarship |
|---|---|---|---|
| 1 | Mrs.Samvedna Kaloty & Mrs Davinder, Guru Nanak Avenue , Hoshiarpur | 50,000 | S. Swaran Singh Kaloty Memorial Scholarship |
| 2 | S. Manmohon Singh, Noida | 50,000 | S. Kartar Singh/ Smt. Niranjan Kaur Memorial Scholarship |
| 3 | Mrs. Pardeep Kaur, Noida | 50,000 | S. Sadhu Singh/ Smt. Wattan Kaur Memorial Scholarship |
| 4 | S. Tejinder Singh S/o Late S. Samitter Singh, Pune | 25,000 | S. Samitter Singh Khairabad Memorial Scholarship |
| 5 | S. Sukhpal Singh, Khanpur | 24,000 | S. Chamel Singh Khanpur Scholarship |
| 6 | Mrs. Harpreet Kaur Saini D/o S. Balbir Siingh Saini, Rupnagar | 20.000 | 1. Mata Hardial Kaur Memorial Scholarship 2.S. Kartar Singh Nanakpura Memorial Scholarship |
| 7 | S. Harbans Singh USA, Malhotar Colony, Rupnagar | 18,000 | S. Harbans Singh Scholarship |
| 8 | S.Tekpal Singh Saini Faridabad (Haryana). | 15,000 | Mata Prem Kaur Memorial Scholarship |
| 9 | S. Sarvjeet Singh S/o S. Baldev Singh Chamak, Mundi Kharar Mohali. | 12,000 | S. Gurpreet Singh Memorial Scholarship (for Handicap) |
| 10 | S. Gursharan Singh, Gobind Valley, Rupnagar | 12,000 | Mata Harbans Kaur Memorial Scholarship |
| 11 | S. Sukhjinder Singh, Director. SASA Rupnagar | 11,000 | Mata Gurnam Kaur Memorial Scholarship |
| 12 | Smt. Chander Kanta Saini Lahiri Shah Mandir Road,Rupnagar | 10,000 | Smt. Chander Kanta Saini Scholarship |
| 13 | S. Rajwinder Singh S/o S.Ajmer Singh Guru Nagar, Rupnagar. | 10,000 | Mata Ram Rakhi/ S. Karam Singh Memorial Scholarship |
| 14 | Late S. Bhag Singh Saini Greater NOIDA (U.P) | 10,000 | Kumari Veerpal Kaur Memorial Scholarship |
| 15 | Sh.Baldev Singh Saini Arera Colony, Bhopal (M.P). | 10,000 | Smt. Bishan Devi Memorial Scholarship |
| 16 | Smt. Damyanti Saini w/o Sh. Dilbagh Rai Saini, Arera Colony Bhopal (M.P) | 10,000 | Mata Basant Kaur Memorial Scholarship |
| 17 | Sqn.Ldr.Manjit Singh Pabla, Chandigarh. | 10,000 | Chacha Hakam Singh Memorial Scholarship. |
| 18 | Sh. Chander Shekher Saini, Rupnagar | 10,000 | s. Ajit Ram Memorial Scholarship |
| 19 | S. Gurinder Singh Toni, Rupnagar | 10,000 | Smt. Ajmer Kaur Memorial Schoalship |
| 20 | Mrs Kirpal Kaur, , Suncity, Rupnagar | 6,000 | Capt. C.D Saini Memorial Scholarship |
| 21 | Sh. Amit Saini S/o Sh.Rajinder Saini GZS.Nagar,Rupnagar. | 6,000 | Nambardar Siri Ram Saini Memorial Scholarship |
| 22 | S.Rajinder Singh Nanua, Ranjit Avenue, Rupnagar. | 6,000 | S.Santokh Singh Nanua Memorial Scholarship |
| 23 | S.Amrik Singh,(Retd.) Asst.XEN Ranjit Avenue,Rupnagar | 6,000 | Smt. Harminder Kaur Scholarship |
| 24 | S. Avtar Singh Longia, GZS Nagar, Rupnagar | 6000 | S. Hazara Singh/Mata Karam Kaur Memorial Scholarship |
| 25 | S. Jagdev Singh Panghlia, Mohali | 6000 | S. Jagdev Singh Panghlia Scholarship |
| 26 | S. Amrit Singh Badwal, Bhatinda | 6000 | S. Amrit Singh Badwal Scholarship |



## NEW FIVE YEAR MEMBERS OF "SAINI SANSAR"

Compiled by
Jagdev Singh
Saini Bhawan, Rupnagar

Continued from page 28 of 45th Issue

1027. **S. Bhagwan Singh**
Panchkulla (Haryana)

1028. **Master Darshan Singh**
VPO Kheri Salabatpur, Distt. Ropar

1029. **S. Ranjit Singh**
Jagjit Nagar, Ropar

1030. **S. Randhir Singh**
VPO Phoolpur Grewal

1031. **S. Balwinder Singh**
VPO Phoolpur Grewal

1032. **S. Jasvir Singh**
VPO Phoolpur Grewal

1033. **S. Kuldip Singh**
VPO Phoolpur Grewal

1034. **Smt. Pusminder Kaur**
VPO Phoolpur Grewal

1035. **Sub. Mehar Singh**
VPO Phoolpur Grewal

1036. **S. Manjinder Singh**
VPO Phoolpur Grewal

1037. **S. Balwinder Singh**
VPO Phoolpur Grewal

1038. **S. Harminder Singh**
VPO Phoolpur Grewal

1039. **S. Gurbachan Singh**
VPO Lasara, Distt. Jalandhar

1040. **Sh. Ashok Kumar**
Near J.R. Multiplex, Ropar

1041. **S. Kuljit Singh**
VPO Bhaku Majra, Distt. Ropar

1042. **S. Harminder Singh**
Dharam Kanda, Asron

1043. **S. Prabhjot Singh**
Vill. Khairabad, PO Phoolkhurd, Ropar

1044. **S. Gian Singh**
# 355, Dasmesh Nagar, Ropar

1045 **Dr. Gurdev Singh Joshi**
Phase 10, Mohali

1046. **S. Bikramjeet Singh Longia**
# 78, Phase 78, Mohali

1047. **S. Charan Singh**
V.P.O. Bela, Distt. Ropar

1048 **S. Jagdish Singh**
Ward No. 1, Gobind Nagar, Tanda Urmur

1049. **S. Avtar Singh Longia**
# 752, G.Z.S. Nagar, Ropar

❉ ❉ ❉ ❉ ❉

## New Life Member of Saini Bhawan



**S. Dilraj Singh S/o**

S. Harjit Singh (Retd. Principal)

# 2545, W.No. 11, Raja Plaza,
Mundi Kharar, Distt. Mohali

He is welcome to this Social welfare organisation

❉ ❉ ❉ ❉ ❉

*May the Festival of Light
Full Your Life with the
Glow of Happiness
and the
Sparkle of Joy.*

**Happy Diwali**



# ਭਾਰਤ ਦੇ ਰਾਸ਼ਟਰਪਤੀ- ਕਾਰਗੁਜ਼ਾਰੀ ਅਤੇ ਉਮੀਦਾਂ

**ਮਨਜੀਤ ਸਿੰਘ ਤੰਬੜ**
**ਪਿੰਡ ਪੰਜੌੜ (ਹੁਸ਼ਿਆਰਪੁਰ)**



ਸ਼੍ਰੀਮਤੀ ਦਰੋਪਦੀ ਮੁਰਮੂ 25 ਜੁਲਾਈ, 2022 ਨੂੰ ਭਾਰਤ ਦੇ 15ਵੇਂ ਰਾਸ਼ਟਰਪਤੀ ਬਣ ਗਏ ਹਨ। ਦੇਸ਼ ਆਜ਼ਾਦ ਹੋਣ ਤੋਂ ਬਾਅਦ 26 ਜਨਵਰੀ, 1950 ਨੂੰ ਲਾਗੂ ਹੋਏ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਦੇਸ਼ ਦਾ ਮੁਖੀ ਹੁੰਦਾ ਹੈ। ਉਸ ਦੀ ਚੋਣ ਲੋਕ ਸਭਾ, ਰਾਜ ਸਭਾ ਅਤੇ ਸਾਰੇ ਰਾਜਾਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੇ ਅਸੈਂਬਲੀ ਮੈਂਬਰਾਂ ਨਾਲ ਬਣੇ ਇਲੈਕਟੋਰਲ ਕਾਲਜ ਵਲੋਂ ਕੀਤੀ ਜਾਂਦੀ ਹੈ। ਉਹ ਭਾਰਤ ਦਾ ਪ੍ਰਥਮ ਨਾਗਰਿਕ ਅਤੇ ਤਿੰਨੋਂ ਰੱਖਿਆ ਸੇਨਾਵਾਂ ਦਾ ਕਮਾਂਡਰ-ਇੰਨ-ਚੀਫ਼ ਹੁੰਦਾ ਹੈ। ਭਾਰਤ ਦਾ ਰਾਸ਼ਟਰਪਤੀ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਦਾ ਮੁਖੀ ਹੁੰਦਾ ਹੈ। ਸੰਵਿਧਾਨ ਦੀ ਸੁਰੱਖਿਆ ਅਤੇ ਪਾਲਣਾ ਨੂੰ ਸੁਨਿਸ਼ਚਿਤ ਕਰਨਾ ਉਸ ਦੀ ਮੁੱਖ ਜ਼ਿੰਮੇਵਾਰੀ ਅਤੇ ਫ਼ਰਜ਼ ਹੈ ਜਿਸ ਲਈ ਉਹ ਪੂਰੀ ਤਰ੍ਹਾਂ ਸਮਰੱਥ ਹੈ। ਉਹ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕੈਬਨਿਟ ਵਲੋਂ ਸੰਵਿਧਾਨ ਦੇ ਘੇਰੇ ਵਿੱਚ ਰਹਿ ਕੇ ਕੀਤੀਆਂ ਸਿਫ਼ਾਰਿਸ਼ਾਂ ਨਾਲ ਕਰਦਾ ਹੈ। ਦੇਸ਼ ਨੂੰ ਚਲਾਉਣ ਲਈ ਬਣਾਏ ਗਏ ਸਾਰੇ ਕਾਨੂੰਨਾਂ ਦੀ ਮੰਜ਼ੂਰੀ ਰਾਸ਼ਟਰਪਤੀ ਹੀ ਦਿੰਦਾ ਹੈ। ਜੇ ਉਸ ਨੂੰ ਜਾਪੇ ਕਿ ਪਾਰਲੀਮੈਂਟ ਵਲੋਂ ਪਾਸ ਕੀਤਾ ਬਿੱਲ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਤਾਂ ਉਹ ਉਸ ਬਿੱਲ ਨੂੰ ਬਿਨਾਂ ਹਸਤਾਖਰ ਕੀਤਿਆਂ ਮੁੜ ਵਿਚਾਰਨ ਲਈ ਵਾਪਿਸ ਭੇਜ ਸਕਦਾ ਹੈ। ਜੇ ਇਹ ਬਿੱਲ ਦੁਬਾਰਾ ਸੋਧ ਨਾਲ ਜਾਂ ਸੋਧ ਬਿਨਾਂ ਉਸ ਦੀ ਮੰਜ਼ੂਰੀ ਲਈ ਪੇਸ਼ ਹੁੰਦਾ ਹੈ ਪਰ ਉਸ ਨੂੰ ਜਾਪਦਾ ਹੈ ਕਿ ਇਹ ਅਜੇ ਵੀ ਸੰਵਿਧਾਨ ਅਨੁਸਾਰ ਨਹੀਂ ਹੈ ਤਾਂ ਉਹ ਇਸ ਨੂੰ ਪਾਕਟ ਵੀਟੋ ( ਫੋਚਕਣਟ ਡਣਟੋ) ਕਰ ਸਕਦਾ ਹੈ ਜਿਸ ਨਾਲ ਇਹ ਬਿੱਲ ਕਾਨੂੰਨ ਬਣੇ ਬਗੈਰ ਹੀ ਆਪਣੇ ਆਪ ਖਤਮ ਹੋ ਜਾਂਦਾ ਹੈ। ਕਿਸੇ ਸੰਕਟ ਸਮੇਂ ਅਤੇ ਅਤਿ ਦੇ ਜ਼ਰੂਰੀ ਕਾਰਜ ਹਿਤ ਉਹ ਪਾਰਲੀਮੈਂਟ ਤੋਂ ਬਿੱਲ ਪਾਸ ਕਰਵਾਏ ਬਗੈਰ ਹੀ ਅੰਤ੍ਰਿਮ ਕਾਨੂੰਨ ਬਣਾਉਣ ਹਿਤ ਆਰਡੀਨੈਂਸ ਕਰ ਸਕਦਾ ਹੈ ਜਿਸ ਨੂੰ ਛੇ ਹਫ਼ਤਿਆਂ ਦੇ ਅੰਦਰ ਅੰਦਰ ਪਾਰਲੀਮੈਂਟ ਤੋਂ ਪਾਸ ਕਰਵਾਉਣਾ ਜ਼ਰੂਰੀ ਹੁੰਦਾ ਹੈ।

ਦੇਸ਼ ਦੇ ਪਹਿਲੇ ਰਾਸ਼ਟਰਪਤੀ **ਡਾ.ਰਾਜਿੰਦਰ ਪ੍ਰਸ਼ਾਦ** ਜੋ 1950 ਤੋਂ 1962 ਤੱਕ ਇਸ ਅਹੁਦੇ 'ਤੇ ਰਹੇ, ਇੱਕ ਆਜ਼ਾਦੀ ਘੁਲਾਟੀ, ਕਾਨੂੰਨਦਾਨ, ਬੁੱਧੀਜੀਵੀ ਅਤੇ ਹੰਢੇ ਹੋਏ ਰਾਜਨੀਤਿਕ ਨੇਤਾ ਸਨ। ਉਹ ਭਾਰਤੀ ਸੰਵਿਧਾਨ ਤਿਆਰ ਕਰਨ ਵਾਲੀ ਸੰਵਿਧਾਨ ਅਸੈਬਲੀ ਦੇ ਪ੍ਰਧਾਨ ਰਹੇ ਸਨ ਜਿਸ ਕਾਰਨ ਉਨ੍ਹਾਂ ਨੂੰ ਭਾਰਤੀ ਲੋਕਤੰਤਰ ਦੇ ਨਿਰਮਾਤਾ ਵਜੋਂ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਰਾਸ਼ਟਰਪਤੀ ਦੀ ਪਦਵੀ ਦਾ ਮਾਣ ਕਾਇਮ ਰੱਖਿਆ ਜਿਸ ਕਾਰਨ ਦੇਸ਼ ਦੇ ਸਭ ਤੋਂ ਉੱਚੇ ਸਨਮਾਨ 'ਭਾਰਤ ਰਤਨ' ਨਾਲ ਸਨਮਾਨੇ ਗਏ। ਉਹ ਦੋ ਵਾਰ ਚੁਣੇ ਗਏ ਇੱਕੋ ਇੱਕ ਰਾਸ਼ਟਰਪਤੀ ਸਨ।



ਦੂਜੇ ਰਾਸ਼ਟਰਪਤੀ **ਡਾ.ਰਾਧਾਕ੍ਰਿਸ਼ਨਨ** 1962-1967 ਤੱਕ ਇਸ ਪਦਵੀ 'ਤੇ ਸੁਸ਼ੋਭਿਤ ਰਹੇ। ਉਹ ਹਿੰਦੂ ਫਿਲਾਸਫ਼ੀ ਦੇ ਵਿਸ਼ਵ ਪ੍ਰਸਿੱਧ ਵਿਦਵਾਨ ਅਤੇ ਸਿੱਖਿਆ ਸ਼ਾਸਤਰੀ ਸਨ। ਉਨ੍ਹਾਂ ਨੇ ਜਿੱਥੇ ਆਕਸਫੋਰਡ ਯੂਨੀਵਰਸਿਟੀ ਵਿੱਚ 16 ਸਾਲ ਪ੍ਰੋਫੈਸਰ ਵਜੋਂ ਪੜ੍ਹਾਇਆ ਉੱਥੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਸੇਵਾ ਨਿਭਾਈ। ਉਹ ਤਿੰਨ ਸਾਲ ਸੋਵੀਅਤ ਯੂਨੀਅਤ ਵਿੱਚ ਭਾਰਤ ਦੇ ਰਾਜਦੂਤ ਅਤੇ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ 10 ਸਾਲ ਉੱਪ-ਰਾਸ਼ਟਰਪਤੀ ਰਹੇ। ਉਹ ਕਿਸੇ ਰਾਜਨੀਤਿਕ ਪਾਰਟੀ ਲਈ ਪ੍ਰਤਿਬੱਧ ਨਹੀਂ ਸਨ। ਰਾਸ਼ਟਰਪਤੀ ਵਜੋਂ ਨਿਭਾਈਆਂ ਮਾਣਮੱਤੀਆਂ ਜ਼ਿੰਮੇਵਾਰੀਆਂ ਕਰ ਕੇ ਉਨ੍ਹਾਂ ਨੂੰ ਦੇਸ਼ ਦੇ ਸਰਵੋਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜਿਆ ਗਿਆ।



**ਡਾ. ਜ਼ਾਕੁਰ ਹੁਸੈਨ** ਪਹਿਲੇ ਮੁਸਲਿਮ ਅਤੇ ਤੀਜੇ ਰਾਸ਼ਟਰਪਤੀ ਸਨ ਜਿਨ੍ਹਾਂ ਨੇ 1967-1969 ਤੱਕ ਇਸ ਪੱਦਵੀ ਦੀ ਸ਼ੋਭਾ ਵਧਾਈ। ਆਪ ਕਿਸੇ ਰਾਜਨੀਤਿਕ ਪਾਰਟੀ ਨਾਲ ਬੱਝੇ ਹੋਏ ਨਹੀਂ ਸਨ। ਆਪ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਮੋਢੀ ਵਾਈਸ ਚਾਂਸਲਰ ਸਨ ਜਿਨ੍ਹਾਂ ਨੇ ਇਸ ਨੂੰ ਪੈਰਾਂ ਸਿਰ ਕਰਨ ਲਈ ਸਿਰਤੋੜ ਯਤਨ ਕੀਤੇ। ਆਪ ਰਾਜ ਸਭਾ ਦੇ ਮੈਂਬਰ, ਬਿਹਾਰ ਦੇ ਗਵਰਨਰ ਅਤੇ 1962-1967 ਤੱਕ ਉੱਪ ਰਾਸ਼ਟਰਪਤੀ ਰਹੇ। ਆਪ ਨੇ ਨਿਰਪੱਖ ਹੋ ਕੇ ਰਾਸ਼ਟਰਪਤੀ ਦੀਆਂ ਸੇਵਾਵਾਂ ਨਿਭਾਈਆਂ ਜਿਸ ਕਾਰਨ 'ਭਾਰਤ ਰਤਨ' ਨਾਲ ਸਨਮਾਨਿਤ ਕੀਤੇ ਗਏ।



ਟਰੇਡ ਯੂਨੀਅਨ ਆਗੂ ਅਤੇ ਪ੍ਰਤਿਭਾਸ਼ਾਲੀ ਵਕੀਲ **ਸ਼੍ਰੀ ਵੀ.ਵੀ.ਗਿਰੀ** 1969 ਤੋਂ 1974 ਤੱਕ ਦੇਸ਼ ਦੇ ਚੌਥੇ ਰਾਸ਼ਟਰਪਤੀ ਰਹੇ। ਉਹ ਆਜ਼ਾਦੀ ਸੰਗ੍ਰਾਮੀ ਅਤੇ ਪਾਰਟੀ ਰਹਿਤ ਆਗੂ ਸਨ। ਉਹ 11 ਕੁ ਸਾਲ ਤਿੰਨ ਸੂਬਿਆਂ ਦੇ ਗਵਰਨਰ ਅਤੇ 1967 ਤੋਂ 1969 ਤੱਕ ਉੱਪਰਾਸ਼ਟਰਪਤੀ ਰਹੇ। ਇਸ ਸਮੇ ਸ਼੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਰਾਸ਼ਟਰਪਤੀ ਨੂੰ ਇੱਕ ਕਠਪੁਤਲੀ ਬਣਾ ਕੇ ਰੱਖਿਆ। ਇਸ ਲਈ ਉਹ 'ਰਬੜ ਸਟੈਂਪ ਅਤੇ ਪ੍ਰਧਾਨ ਮੰਤਰੀ ਦੇ ਰਾਸ਼ਟਰਪਤੀ' ਵਜੋਂ ਜਾਣੇ ਜਾਂਦੇ ਹਨ।



ਪੰਜਵੇਂ ਰਾਸ਼ਟਰਪਤੀ **ਸ਼੍ਰੀ ਫਰੁਖਦੀਨ ਅਲੀ ਅਹਿਮਦ** ਸਨ ਜੋ 24 ਅਗਸਤ 1974 ਨੂੰ ਇਸ ਅਹੁਦੇ 'ਤੇ ਬਿਰਾਜਮਾਨ ਹੋਏ ਅਤੇ 11 ਫਰਬਰੀ 1977 ਨੂੰ ਸਵਰਗਵਾਸ ਹੋ ਗਏ। ਉਹ



ਪ੍ਰਤਿਭਾਸ਼ਾਲੀ ਵਕੀਲ ਅਤੇ ਆਜ਼ਾਦੀ ਸੰਗ੍ਰਾਮੀ ਕਾਂਗਰਸੀ ਨੇਤਾ ਸਨ। ਉਹ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਅਤੇ ਕੇਂਦਰੀ ਮੰਤਰੀ ਰਹੇ। ਉਨ੍ਹਾਂ ਦੇ ਕਾਰਜ ਕਾਲ ਦੌਰਾਨ 1975 ਵਿੱਚ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਗਾਈ ਜਿਸ ਨੂੰ ਰਾਸ਼ਟਰਪਤੀ ਨੇ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸਹੀ ਕਰ ਦਿੱਤਾ। ਇਸ ਨਾਲ ਰਾਸ਼ਟਰਪਤੀ ਦੇ ਅਹੁਦੇ ਦਾ ਵਕਾਰ ਬਹੁਤ ਡਿਗ ਪਿਆ।

**ਸ਼੍ਰੀ ਨੀਲਮ ਸੰਜੀਵਾ ਰੈਡੀ** ਛੇਵੇਂ ਰਾਸ਼ਟਰਪਤੀ ਸਨ ਜੋ 1977 ਤੋਂ 1982 ਤੱਕ ਇਸ ਪੱਦਵੀ 'ਤੇ ਰਹੇ। ਉਹ ਸਰਗਰਮ ਆਜ਼ਾਦੀ ਸੰਗ੍ਰਾਮੀ ਸਨ ਜਿਸ ਕਾਰਨ ਆਪਣੀ ਕਾਲਜ ਸਿੱਖਿਆ ਵੀ ਪੂਰੀ ਨਾ ਕਰ ਸਕੇ। ਉਹ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ, ਲੋਕ ਸਭਾ ਦੇ ਸਪੀਕਰ ਅਤੇ ਕੇਂਦਰੀ ਮੰਤਰੀ ਜਿਹੇ ਮਹੱਤਵਪੂਰਨ ਅਹੁਦਿਆਂ 'ਤੇ ਰਹੇ। ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਸਮਾਂ ਜਨਤਾ ਪਾਰਟੀ ਅਤੇ ਹੋਰ ਛੋਟੀਆਂ ਰਾਜਨੀਤਿਕ ਪਾਰਟੀਆਂ ਦੀ ਉਥਲ-ਪੁਥਲ ਦਾ ਸੀ। ਆਪ ਨੇ ਆਪਣੀਆਂ ਅਖਤਿਆਰੀ ਸ਼ਕਤੀਆਂ ਦੀ ਵਰਤੋਂ ਕਰਦਿਆਂ, ਬਿਨਾਂ ਬਹੁਗਿਣਤੀ ਤੋਂ ਹੀ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ ਅਤੇ ਉਸ ਵਲੋਂ ਲਿਆਂਦੇ ਗਏ ਸੱਤ ਆਰਡੀਨੈਂਸਾਂ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਰਾਸ਼ਟਰਪਤੀ ਦੇ ਅਹੁਦੇ ਦੀਆਂ ਸ਼ਕਤੀਆਂ ਸਾਹਮਣੇ ਆ ਗਈਆਂ।



ਹੰਢੇ ਹੋਏ ਸੁਤੰਤਰਤਾ ਸੇਨਾਨੀ ਤੇ ਪੱਕੇ ਕਾਂਗਰਸੀ ਆਗੂ **ਗਿਆਨੀ ਜ਼ੈਲ ਸਿੰਘ** 1982 ਤੋਂ 1987 ਤੱਕ ਦੇਸ਼ ਦੇ ਸੱਤਵੇਂ ਰਾਸ਼ਟਰਪਤੀ ਸਨ। ਉਹ ਘੱਟ ਪੜ੍ਹੇ ਲਿਖੇ ਹੁੰਦਿਆਂ ਵੀ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਫਿਰ ਇੰਦਰਾ ਗਾਂਧੀ ਹੇਠ ਗ੍ਰਹਿ ਮੰਤਰੀ ਰਹੇ। ਉਹ ਪ੍ਰਧਾਨ ਮੰਤਰੀ ਦੇ ਪੂਰੇ ਵਫਾਦਾਰ ਸਨ ਜਿਸ ਕਾਰਨ ਪੂਰਨ ਸਿੱਖ ਹੋਣ ਦੇ ਬਾਵਜੂਦ ਉਨ੍ਹਾਂ ਦੇ ਸਮੇਂ ਹਰਿਮੰਦਰ ਸਾਹਿਬ ਵਿੱਚ ਆਪਰੇਸ਼ਨ ਬਲੂ ਸਟਾਰ ਅਤੇ ਸਿੱਖਾਂ ਵਿਰੁੱਧ ਦੰਗੇ ਹੋਏ। ਆਪ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਸਮੇਂ 1986 ਵਿੱਚ ਪਾਰਲੀਮੈਂਟ ਵਲੋਂ ਪਾਸ ਕੀਤੇ ਲੋਕ ਵਿਰੋਧੀ 'ਇੰਡੀਅਨ ਪੋਸਟ ਆਫਿਸ ਬਿੱਲ' ਨੂੰ ਨਾਮੰਜ਼ੂਰ ਕਰ ਕੇ ਰਾਸ਼ਟਰਪਤੀ ਦੀਆਂ ਸ਼ਕਤੀਆਂ ਦਾ ਸੁਯੋਗ ਪ੍ਰਦਰਸ਼ਨ ਕੀਤਾ।



ਸੁਤੰਤਰਤਾ-ਸੇਨਾਨੀ, ਪ੍ਰਤਿਭਾਸ਼ਾਲੀ ਕਾਨੂੰਨਦਾਨ ਅਤੇ ਹੰਢੇ ਹੋਏ ਕਾਂਗਰਸੀ ਸਿਆਸਤਦਾਨ **ਸ਼੍ਰੀ ਆਰ. ਵੈਂਕਟਰਮਨ** 1987 ਤੋਂ 1992 ਤੱਕ ਅੱਠਵੇਂ ਰਾਸ਼ਟਰਪਤੀ ਬਣੇ। ਉਹ ਪਹਿਲਾਂ ਮੁੱਖ ਮੰਤਰੀ, ਕੇਂਦਰ ਵਿੱਚ ਕੈਬਨਿਟ ਮੰਤਰੀ ਅਤੇ 1984 ਤੋਂ 1987 ਤੱਕ ਉੱਪਰਾਸ਼ਟਰਪਤੀ ਰਹੇ। ਉਹ ਦੇਸ਼ ਦਾ ਸੰਵਿਧਾਨ ਤਿਆਰ ਕਰਨ ਵਾਲੀ ਕੰਸਟੀਚਿਊਂਟ ਅਸੈਂਬਲੀ ਦੇ ਮੈਂਬਰ ਵੀ ਰਹੇ। ਆਪ ਦੇ ਸਮੇਂ ਭਿੰਨ ਭਿੰਨ ਰਾਜਨੀਤਿਕ ਪਾਰਟੀਆਂ ਦੀਆਂ ਗਠਜੋੜ ਸਰਕਾਰਾਂ ਹੋਂਦ ਵਿੱਚ ਰਹੀਆਂ ਜਿਸ ਕਾਰਨ ਸਰਕਾਰਾਂ ਦੀ ਟੁੱਟ ਭੱਜ ਹੁੰਦੀ ਰਹੀ। ਆਪ ਨੇ ਤਿੰਨ ਪ੍ਰਧਾਨ ਮੰਤਰੀਆਂ ਨੂੰ ਗੱਦੀਆਂ ਸੌਂਪੀਆਂ ਅਤੇ ਚਾਰ ਨਾਲ ਕੰਮ ਕੀਤਾ।



**ਸ਼੍ਰੀ ਸ਼ੰਕਰ ਦਿਆਲ ਸ਼ਰਮਾ** 1992 ਤੋਂ 1997 ਤੱਕ ਦੇਸ਼ ਦੇ ਨੌਵੇਂ ਰਾਸ਼ਟਰਪਤੀ ਸਨ। ਆਪ ਚੋਟੀ ਦੇ ਬੁੱਧੀਜੀਵੀ ਅਤੇ ਕਾਮਯਾਬ ਵਕੀਲ ਸਨ। ਆਪ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਣ ਤੋਂ ਪਹਿਲਾਂ ਮੁੱਖ ਮੰਤਰੀ, ਕੇਂਦਰੀ ਕੈਬਨਿਟ ਮੰਤਰੀ, ਗਵਰਨਰ ਅਤੇ ਉੱਪਰਾਸ਼ਟਰਪਤੀ ਜਿਹੇ ਅਹਿਮ ਅਹੁਦਿਆਂ 'ਤੇ ਰਹਿ ਚੁੱਕੇ ਸਨ। ਆਪ ਨੂੰ ਚਾਰ ਪ੍ਰਧਾਨ ਮੰਤਰੀਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਆਪ ਪਾਰਲੀਮੈਂਟਰੀ ਨਿਯਮਾਂ ਦੇ ਪਾਬੰਦ ਰਾਸ਼ਟਰਪਤੀ ਸਨ।



ਦੇਸ਼ ਦੇ ਦਸਵੇਂ ਰਾਸ਼ਟਰਪਤੀ **ਸ਼੍ਰੀ ਕੇ.ਆਰ.ਨਾਰਾਇਣਨ** ਇਸ ਉੱਚ ਅਹੁਦੇ ਤੱਕ ਪਹੁੰਚਣ ਵਾਲੇ ਪਹਿਲੇ ਦਲਿਤ ਨੇਤਾ ਸਨ। ਆਪ ਨੇ 1997 ਤੋਂ 2002 ਤੱਕ ਇਸ ਪਦਵੀ 'ਤੇ ਸੁਸ਼ੋਭਿਤ ਰਹੇ। ਇਸ ਤੋਂ ਪਹਿਲਾਂ ਆਪ ਭਿੰਨ ਭਿੰਨ ਦੇਸ਼ਾਂ ਵਿੱਚ ਭਾਰਤ ਦੇ ਰਾਜਦੂਤ, ਕੇਂਦਰੀ ਸਰਕਾਰ ਵਿੱਚ ਮੰਤਰੀ ਅਤੇ 1992 ਤੋਂ 1997 ਤੱਕ ਉੱਪਰਾਸ਼ਟਰਪਤੀ ਰਹਿ ਕੇ ਦੇਸ਼ ਦੀ ਰਾਜਨੀਤੀ ਵਿੱਚ ਸਰਗਰਮ ਰਹਿ ਚੁੱਕੇ ਸਨ। ਆਪ ਨੇ ਪੂਰੀ ਆਜ਼ਾਦੀ, ਨਿਡਰਤਾ ਅਤੇ ਸਿਆਣਪ ਨਾਲ ਫੈਸਲੇ ਲੈਂਦਿਆਂ ਇਸ ਅਹੁਦੇ ਦਾ ਵਕਾਰ ਕਾਇਮ ਰੱਖਿਆ। ਉਨ੍ਹਾਂ ਨੇ ਕਈ ਵਾਰ ਰਾਜਸੀ ਸਮਾਰੋਹਾਂ ਸਮੇਂ ਸਰਕਾਰ ਦੀਆਂ ਦਲਿਤ ਅਤੇ ਗਰੀਬ ਵਿਰੋਧੀ ਨੀਤੀਆਂ ਦੀ ਆਲੋਚਨਾ ਕੀਤੀ। ਆਪ ਦੇ ਸਮੇਂ ਹੀ ਭਾਰਤ ਦੀ ਆਜ਼ਾਦੀ ਦੇ ਗੋਲਡਨ ਜੁਬਲੀ ਸਮਾਰੋਹ ਮਨਾਏ ਗਏ ਅਤੇ ਕਾਰਗਿਲ ਜੰਗ ਜਿਹੀ ਮਹੱਤਵਪੂਰਨ ਘਟਨਾ ਵਾਪਰੀ ਜਿਸ ਦਾ ਆਪ ਨੇ ਪੂਰੀ ਸੂਝਬੂਝ ਤੇ ਜ਼ਿੰਮੇਵਾਰੀ ਨਾਲ ਸਾਹਮਣਾ ਕੀਤਾ। ਆਪ ਨੇ ਬਿਨਾਂ ਕਿਸੇ ਦਬਾਅ ਅੱਗੇ ਝੁਕਦਿਆਂ ਸੰਵਿਧਾਨ ਦੀ ਪਾਲਣਾ ਹਿਤ ਦੋ ਵਾਰ ਲੋਕ ਸਭਾ ਭੰਗ ਕਰ ਕੇ ਚੋਣਾ ਕਰਵਾਈਆਂ। ਸੰਨ 2002 ਵਿੱਚ ਗੁਜਰਾਤ ਵਿੱਚ ਸੰਪਰਦਾਇਕ ਦੰਗਿਆਂ ਲਈ ਕੇਂਦਰੀ ਅਤੇ ਸੂਬਾ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਆਪ ਨੇ ਨਿਡਰਤਾ ਨਾਲ ਦਿਲੀ ਦੁੱਖ ਪ੍ਰਗਟ ਕੀਤਾ।



ਦੇਸ਼ ਦੇ ਗਿਆਰ੍ਹਵੇਂ ਰਾਸ਼ਟਰਪਤੀ ਭਾਰਤ ਰਤਨ ਮਿਜ਼ਾਈਲ ਮੈਨ **ਡਾ.ਏ.ਪੀ.ਜੇ. ਅਬਦੁਲ ਕਲਾਮ** ਸਨ ਜਿਨ੍ਹਾਂ ਨੇ 2002 ਤੋਂ 2007 ਤੱਕ ਇਸ ਗੌਰਵਮਈ ਪਦਵੀ ਦੀ ਸ਼ਾਨ ਵਧਾਈ। ਆਪ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋ ਕੇ ਅੰਤਰਰਾਸ਼ਟਰੀ ਪੱਧਰ ਦੇ



ਵਿਗਿਆਨੀ ਬਣੇ। ਆਪ ਨੇ ਮਦਰਾਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਐਮ.ਐਸ ਕਰ ਕੇ ਪਹਿਲਾਂ ਡੀ.ਆਰ.ਡੀ.ਓ ਅਤੇ ਫਿਰ ਭਾਰਤੀ ਪੁਲਾੜ ਖੋਜ ਸੰਸਥਾ ਵਿਖੇ ਕੰਮ ਕਰਦਿਆਂ ਭਾਰਤ ਨੂੰ ਰਾਕਟ ਟੈਕਨਾਲੋਜੀ ਅਤੇ ਪ੍ਰਮਾਣੂ ਊਰਜਾ ਦੇ ਖੇਤਰਾਂ ਵਿੱਚ ਵਿਸ਼ਵ ਦੇ ਪਹਿਲੇ ਦੇਸ਼ਾਂ ਵਿੱਚ ਲਿਆ ਖੜ੍ਹਾ ਕੀਤਾ। ਆਪ ਇੱਕ ਗੈਰਸਿਆਸੀ ਕਰਮਯੋਗੀ ਤੇ ਬੁੱਧੀਜੀਵੀ ਵਿਅਕਤੀ ਸਨ। ਆਪ ਨੇ ਆਪਣੇ ਮੁਸਲਿਮ ਧਰਮ ਵਿੱਚ ਪੱਕੇ ਰਹਿੰਦਿਆਂ ਸਾਰੇ ਧਰਮਾਂ ਦੇ ਲੋਕਾਂ ਦਾ ਸਤਿਕਾਰ ਕੀਤਾ ਜਿਸ ਕਾਰਨ'ਲੋਕਾਂ ਦਾ ਰਾਸ਼ਟਰਪਤੀ' ਕਹਿਲਾਉਣ ਦਾ ਮਾਣ ਹਾਸਲ ਹੋਇਆ।



**ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ** ਭਾਰਤ ਦੇ ਬਾਰ੍ਹਵੇਂ ਅਤੇ ਪਹਿਲੇ ਮਹਿਲਾ ਰਾਸ਼ਟਰਪਤੀ ਸਨ ਜਿਨ੍ਹਾਂ ਨੇ 2007 ਤੋਂ 2012 ਤੱਕ ਇਸ ਪਦਵੀ ਨੂੰ ਸੰਭਾਲਿਆ। ਉਹ ਪੱਕੇ ਕਾਂਗਰਸੀ ਅਤੇ ਪੇਸ਼ੇ ਵਜੋਂ ਵਕੀਲ ਸਨ। ਆਪ ਪਹਿਲਾਂ ਮਹਾਂਰਾਸ਼ਟਰ ਵਿੱਚ ਮੰਤਰੀ, ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਅਤੇ ਗਵਰਨਰ ਰਹੇ। ਰਾਸ਼ਟਰਪਤੀ ਹੁੰਦਿਆਂ ਆਪ ਬੈਂਕ ਘੁਟਾਲਿਆਂ, ਬੇਲੋੜੀਆਂ ਵਿਦੇਸ਼ੀ ਯਾਤਰਾਵਾਂ ਅਤੇ ਵਿਤੀ ਮਾਮਲਿਆਂ ਵਿੱਚ ਆਪਣੀ ਪੱਦਵੀ ਦੀ ਦੁਰਵਰਤੋਂ ਕਰਨ ਦੇ ਦੋਸ਼ਾਂ ਵਿੱਚ ਘਿਰੇ ਰਹੇ। ਆਪ ਨੇ ਵੇਲੇ ਦੀ ਸਰਕਾਰ ਦੇ ਕਿਸੇ ਕੰਮ ਵਿੱਚ ਦਖਲਅੰਦਾਜ਼ੀ ਨਹੀਂ ਕੀਤੀ।



ਦੇਸ਼ ਦੇ 13ਵੇਂ ਰਾਸ਼ਟਰਪਤੀ ਭਾਰਤ ਰਤਨ **ਸ਼੍ਰੀ ਪ੍ਰਨਾਬ ਮੁਖਰਜੀ** ਸਨ ਜੋ 2012 ਤੋਂ 2017 ਤੱਕ ਇਸ ਪੱਦਵੀ 'ਤੇ ਰਹੇ। ਉਹ ਪੇਸ਼ੇ ਵਜੋਂ ਵਕੀਲ ਅਤੇ ਹੰਢੇ ਹੋਏ ਕਾਂਗਰਸੀ ਨੇਤਾ ਸਨ। ਆਪ ਬਹੁਤ ਲੰਮਾ ਸਮਾਂ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਅਤੇ ਕੇਂਦਰੀ ਮੰਤਰੀ ਰਹੇ। ਆਪ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਪੱਕੇ ਸ਼ਰਧਾਲੂ ਅਤੇ ਵਫਾਦਾਰ ਸਨ। ਆਪ ਨੇ ਆਪਣੇ ਸਮੇਂ ਦੇ ਪ੍ਰਧਾਨ ਮੰਤਰੀਆਂ ਡਾ. ਮਨਮੋਹਣ ਸਿੰਘ ਅਤੇ ਨਰਿੰਦਰ ਮੋਦੀ ਨਾਲ ਰਾਜਸੀ ਮਾਮਲਿਆਂ ਵਿੱਚ ਕੋਈ ਕਲੇਸ਼ ਨਹੀਂ ਪਾਇਆ।



**ਸ਼੍ਰੀ ਰਾਮ ਨਾਥ ਕੋਵਿੰਦ** 2017 ਤੋਂ ਜੁਲਾਈ 2022 ਤੱਕ ਦੇਸ਼ ਦੇ 14ਵੇਂ ਰਾਸ਼ਟਰਪਤੀ ਰਹੇ। ਗਰੀਬ ਪਰਿਵਾਰ ਤੋਂ ਉੱਠ ਕੇ ਇਹ ਅਹੁਦਾ ਸੰਭਾਲਣ ਵਾਲੇ ਉਹ ਦੂਜੇ ਦਲਿਤ ਸਨ। ਆਪ ਨੇ 16 ਸਾਲ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਵਕੀਲ ਵਜੋਂ ਕੰਮ ਕੀਤਾ। ਆਪ ਰਾਜ ਸਭਾ ਦੇ ਐਮ.ਪੀ ਅਤੇ ਬਿਹਾਰ ਦੇ ਗਵਰਨਰ ਵੀ ਰਹੇ। ਉਹ ਪੱਕੇ ਆਰ.ਐਸ.ਐਸ. ਕਾਰਜਕਰਤਾ ਅਤੇ ਭਾਜਪਾ ਪਾਰਟੀ ਦੇ ਮੈਂਬਰ ਸਨ। ਆਪ ਦੇ ਸਮੇਂ ਭਾਰਤ ਸਰਕਾਰ ਨੇ ਕਈ ਲੋਕ-ਵਿਰੋਧੀ ਅਤੇ ਸੰਵਿਧਾਨ ਦੀ ਉਲੰਘਣਾ ਕਰਦੇ ਆਰਡੀਨੈਂਸ ਅਤੇ ਪਾਰਲੀਮੈਂਟ ਵਿੱਚ ਬਿੱਲ ਪਾਸ ਕੀਤੇ ਜਿਨ੍ਹਾਂ ਨੂੰ ਆਪ ਨੇ ਬਿਨਾਂ ਕਿਸੇ ਰੋਕਟੋਕ ਅਤੇ ਸਲਾਹ ਦੇ ਮੰਜ਼ੂਰ ਕਰ ਲਿਆ। ਖਾਸ ਕਰਕੇ ਖੇਤੀਬਾੜੀ ਨਾਲ ਸਬੰਧਿਤ ਤਿੰਨ ਬਿਨਾਂ ਕਿਸੇ ਐਮਰਜੈਂਸੀ ਹਾਲਾਤ ਤੋਂ ਆਰਡੀਨੈਂਸ ਜਾਰੀ ਕਰਨ ਅਤੇ ਫਿਰ ਇਨ੍ਹਾਂ ਸਬੰਧੀ ਬਿੱਲ ਪਾਰਲੀਮੈਂਟ ਵਿੱਚ ਬਹੁਤ ਥੋੜ੍ਹੀ ਬਹਿਸ ਤੋਂ ਬਾਅਦ ਹੀ ਸਹੀ ਕਰਨ ਤੇ ਇੱਕ ਸਾਲ ਦੇ ਕਿਸਾਨੀ ਸੰਘਰਸ਼ ਤੋਂ ਬਾਅਦ ਵਾਪਿਸ ਲੈਣ ਨਾਲ ਰਾਸ਼ਟਰਪਤੀ ਦੇ ਅਹੁਦੇ ਦੀ ਮਰਯਾਦਾ ਮਿੱਟੀ ਵਿੱਚ ਮਿਲ ਗਈ। ਆਪ ਅਮਲੀ ਰੂਪ ਵਿੱਚ ਰਬੜ ਸਟੈਂਪ ਰਾਸ਼ਟਰਪਤੀ ਸਿੱਧ ਹੋਏ।

ਇਸ ਪ੍ਰਕਾਰ ਭਾਰਤ ਦੇ ਰਹਿ ਚੁੱਕੇ ਰਾਸ਼ਟਰਪਤੀਆਂ ਦੀ ਕਾਰਗੁਜ਼ਾਰੀ ਦੀ ਪਰਖ-ਪੜਚੋਲ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਵਿੱਚੋਂ ਕੁੱਝ ਨੇ ਆਪਣੀ ਉੱਚ-ਸਿੱਖਿਆ ਅਤੇ ਵਿਦਵਤਾ ਵਾਲੀ ਸਖਸ਼ੀਅਤ ਨਾਲ ਦੇਸ਼ ਦੇ ਗੌਰਵ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਕੁੱਝ ਨੇ ਆਪਣੀ ਸਿਆਸੀ ਪਰਪੱਕਤਾ ਅਤੇ ਸੂਝਬੂਝ ਨਾਲ ਗੱਠਜੋੜ ਸਰਕਾਰਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ, ਕੁੱਝ ਨੇ ਸੰਵਿਧਾਨ ਦੇ ਵਿਰੁੱਧ ਚੱਲ ਰਹੀ ਸਰਕਾਰ ਨੂੰ ਜ਼ੁਅਰਤ ਤੇ ਨਿਡਰਤਾ ਨਾਲ ਝੰਜੋੜਦਿਆਂ ਆਪਣੇ ਫਰਜ਼ਾਂ ਦੀ ਪਾਲਣਾ ਕੀਤੀ, ਕੁੱਝ ਨੇ ਆਪਣੇ ਰਾਜਸੀ ਆਕਾਵਾਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੇ ਹਰ ਗੈਰਸੰਵਿਧਾਨਕ ਕਾਰਜ ਨੂੰ ਵੀ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਕੁੱਝ ਨੇ ਬਿਨਾਂ ਕੋਈ ਸਿਰਦਰਦੀ ਲੈਂਦਿਆਂ ਇਸ ਪੱਦਵੀ ਤੋਂ ਮਿਲਦੀਆਂ ਸਹੂਲਤਾਂ ਨੂੰ ਭੋਗਣਾ ਹੀ ਠੀਕ ਸਮਝਿਆ। ਇਸ ਪ੍ਰਕਾਰ ਭਾਰਤ ਦੇ ਰਾਸ਼ਟਰਪਤੀ ਪਾਸ ਅਥਾਹ ਸ਼ਕਤੀਆਂ ਹਨ ਪਰ ਇਨ੍ਹਾਂ ਦੀ ਵਰਤੋਂ ਸਿਆਣਪ ਤੇ ਹੌਸਲੇ ਨਾਲ ਹੀ ਕੀਤੀ ਜਾ ਸਕਦੀ ਹੈ।



ਹੁਣ ਉੜੀਸਾ ਦੇ ਆਦਿਵਾਸੀ ਕਬੀਲੇ ਸੰਥਾਲ ਵਿੱਚ 20 ਜੂਨ 1958 ਨੂੰ ਜਨਮੀ **ਸ਼੍ਰੀਮਤੀ ਦਰੋਪਦੀ ਮੁਰਮੂ** ਪਹਿਲੀ ਕਬਾਇਲੀ ਅਤੇ ਦੂਜੀ ਮਹਿਲਾ ਰਾਸ਼ਟਰਪਤੀ ਨੇ ਇਹ ਪੱਦ ਭਾਰ ਸੰਭਾਲਿਆ ਹੈ। ਉੜੀਸਾ ਦੇ ਮਿਯੂਰਭੰਜ ਪਿੰਡ ਦੇ ਇੱਕ ਗਰੀਬ ਪਰਿਵਾਰ ਵਿੱਚ ਜਨਮ ਲੈ ਕੇ ਆਪ ਨੇ ਭੁਵਨੇਸ਼ਵਰ ਦੇ ਕਾਲਜ ਤੋਂ ਬੀ.ਏ. ਕੀਤੀ ਅਤੇ ਕੁੱਝ ਸਮਾਂ ਸਰਕਾਰੀ ਦਫਤਰ ਵਿੱਚ ਕਲਰਕ ਅਤੇ ਸਕੂਲ ਅਧਿਆਪਕ ਵਜੋਂ ਕੰਮ ਕੀਤਾ। ਆਪ ਰਾਏਰੰਗਾਪੁਰ ਕਸਬੇ ਦੇ ਕੌਂਸਲਰ, ਉੜੀਸਾ ਦੇ ਵਿਧਾਇਕ, ਮੰਤਰੀ ਅਤੇ ਝਾੜਖੰਡ ਦੇ ਗਵਰਨਰ ਬਣੇ। ਆਪ ਦੇ ਪਤੀ ਅਤੇ ਦੋ ਬੇਟਿਆਂ ਦੀ ਅਚਨਚੇਤੀ ਮੌਤ ਨੇ ਆਪ ਨੂੰ ਨਿਰਾਸ਼ਤਾ ਵਿੱਚ ਧੱਕ ਦਿੱਤਾ ਅਤੇ ਆਪ ਨੇ ਬ੍ਰਹਮ ਕੁਮਾਰੀ ਸੰਸਥਾਨ ਨਾਲ ਨਾਤਾ ਜੋੜ ਲਿਆ। ਆਪ ਭਾਰਤੀ ਜਨਤਾ ਪਾਰਟੀ ਦੀ ਅਹੁਦੇਦਾਰ ਵੀ ਰਹੇ। ਆਪ ਦਾ ਅਕਾਦਮਿਕ ਅਤੇ ਰਾਜਨੀਤਿਕ ਕੱਦ ਭਾਵੇਂ ਬਹੁਤਾ ਉੱਚਾ ਨਹੀਂ ਪਰ ਉਮੀਦ ਕਰਦੇ ਹਾਂ ਕਿ ਉਹ ਰਾਸ਼ਟਰਪਤੀ ਦੇ ਅਹੁਦੇ ਦੀ ਮਰਯਾਦਾ ਅਤੇ ਦੇਸ਼ਵਾਸੀਆਂ ਪ੍ਰਤਿ ਆਪਣੇ ਫਰਜ਼ਾਂ ਨੂੰ ਨਿਭਾਉਂਦਿਆਂ ਕਿਸੇ ਦਬਾਉ ਜਾਂ ਪੱਖਪਾਤ ਬਗੈਰ ਸੰਵਿਧਾਨ ਦੇ ਰੱਖਿਅਕ ਵਜੋਂ ਜ਼ਿੰਮੇਵਾਰੀ ਨਿਭਾਉਣਗੇ।

ਕੁਲਦੀਪ ਸਿੰਘ ਐੱਮ.ਪੀ.ਐੱਡ
ਕੀਰਤਪੁਰ ਸਾਹਿਬ



# ਰਾਸ਼ਟਰਮੰਡਲ ਖੇਡਾਂ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ

ਬ੍ਰਿਟੇਨ ਅਧੀਨ ਰਹਿ ਚੁੱਕੇ ਦੇਸ਼ਾਂ ਦੀਆਂ ਰਾਸ਼ਟਰ ਮੰਡਲ ਖੇਡਾਂ 28 ਜੁਲਾਈ ਤੋਂ 8 ਅਗਸਤ,2022 ਤੱਕ ਯੂ.ਕੇ ਦੇਸ਼ ਦੇ ਸ਼ਹਿਰ, ਬਰਮਿੰਘਮ ਵਿੱਚ ਆਯੋਜਿਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ 72 ਦੇਸ਼ਾਂ ਦੇ 5054 ਖਿਡਾਰੀਆਂ ਨੇ 20 ਖੇਡਾਂ ਦੀਆਂ 280 ਈਵੈਂਟਸ ਵਿੱਚ ਭਾਗ ਲਿਆ। ਇਨ੍ਹਾਂ ਵਿੱਚ ਭਾਰਤ ਦੇ 106 ਪੁਰਸ਼ ਅਤੇ 104 ਮਹਿਲਾ ਖਿਡਾਰੀ ਸ਼ਾਮਿਲ ਹੋਏ ਜਿਨ੍ਹਾਂ ਨੇ 16 ਖੇਡਾਂ ਵਿੱਚ ਭਾਗ ਲੈ ਕੇ 22 ਸੋਨ, 16 ਚਾਂਦੀ ਅਤੇ 23 ਕਾਂਸੀ ਤਮਗੇ ਹਾਸਲ ਕਰ ਕੇ ਆਪਣੇ ਦੇਸ਼ ਨੂੰ ਚੌਥਾ ਸਥਾਨ ਦਵਾਇਆ। ਉਂਜ ਭਾਰਤ ਦੀ ਇਹ ਸਫਲਤਾ ਕੋਈ ਬਹੁਤੀ ਸ਼ਲਾਘਾਯੋਗ ਨਹੀਂ ਕਿਉਂਕਿ ਇਸ ਤੋਂ ਕਿਤੇ ਥੋੜ੍ਹੀ ਆਬਾਦੀ ਵਾਲੇ ਦੇਸ਼ ਅਸਟ੍ਰੇਲੀਆ, ਇੰਗਲੈਂਡ ਅਤੇ ਕੈਨੇਡਾ ਇਸ ਤੋਂ ਅੱਗੇ ਹਨ।

ਇਸ ਖੇਡ ਮੇਲੇ ਵਿੱਚ ਪੰਜਾਬੀਆਂ ਨੇ ਵੀ ਵਰਣਨਯੋਗ ਜਿੱਤਾਂ ਹਾਸਲ ਕੀਤੀਆਂ। ਅਸਲ ਵਿੱਚ ਹੁਣ ਪੰਜਾਬੀ ਲੋਕ ਭਾਰਤ ਦੇ ਤਿੰਨ ਦਰਿਆਵਾਂ ਵਿਚਕਾਰ ਪਸਰੇ ਛੋਟੇ ਜਿਹੇ ਖੇਤਰ ਵਿੱਚ ਹੀ ਮਹਿਦੂਦ ਨਹੀਂ ਹਨ। ਪੰਜਾਬੀ ਭਾਈਚਾਰਾ ਕਿਸੇ ਧਰਮ ਜਾਂ ਖਿੱਤੇ ਵਿੱਚ ਬੰਨ੍ਹਿਆ ਹੋਇਆ ਨਹੀਂ। ਇਨ੍ਹਾਂ ਰਾਸ਼ਟਰਮੰਡਲ ਖੇਡਾਂ ਵਿੱਚ ਪੰਜਾਬੀ ਖਿਡਾਰੀਆਂ ਨੇ ਕੁਸ਼ਤੀ ਤੇ ਵੇਟ੍ਹਲਿਫਟਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਰਤੀ ਪੰਜਾਬ ਦੇ ਕੁੱਲ 19 ਖਿਡਾਰੀਆਂ ਨੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਜਿਨ੍ਹਾਂ ਨੇ 3 ਚਾਂਦੀ ਅਤੇ 4 ਕਾਂਸੀ ਤਮਗੇ ਹਾਸਲ ਕੀਤੇ।

ਪੰਜਾਬ ਦੀ ਧੀ **ਹਰਜਿੰਦਰ ਕੌਰ** ਨੇ 71 ਕਿੱਲੋ ਭਾਰ ਵਰਗ ਦੇ ਵੇਟ੍ਹਲਿਫਟਿੰਗ ਮੁਕਾਬਲੇ 93 ਕਿੱਲੋ ਸਨੈਚ ਅਤੇ 119 ਕਿੱਲੋ ਕਲੀਨ ਐਂਡ ਜਰਕ ਲਾ ਕੇ ਕੁੱਲ 212 ਕਿੱਲੋ ਭਾਰ ਚੁੱਕ ਕੇ ਕਾਂਸੀ ਤਮਗਾ ਹਾਸਲ ਕਰ ਕੇ ਪੰਜਾਬੀਆਂ ਦਾ ਸਿਰ ਮਾਣ ਨਾਲ ਉਚਾ ਕੀਤਾ। ਜ਼ਿਲ੍ਹਾ ਪਟਿਆਲਾ ਦੇ ਨਜ਼ਦੀਕੀ ਪਿੰਡ ਮੇਹਸ ਦੇ ਸਾਧਾਰਨ ਕਿਸਾਨ ਪਰਿਵਾਰ ਦੀ ਇਸ ਲੜਕੀ ਨੇ ਮੱਝਾਂ ਲਈ ਪੱਠੇ ਕੁਤਰਨ ਵਾਲੀ ਮਸ਼ੀਨ 'ਤੇ ਘੰਟਿਆਂ ਬੱਧੀ ਪਸੀਨਾਂ ਵਹਾ ਕੇ ਇਤਿਹਾਸ ਸਿਰਜਿਆ ਹੈ।



ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬੱਲ ਸਚੰਦਰ ਦੇ ਗਰੀਬ ਪਰਜਾਪਤ ਪਰਿਵਾਰ ਨਾਲ ਸਬੰਧਿਤ **ਲਵਪ੍ਰੀਤ ਸਿੰਘ** ਨੇ ਪੁਰਸ਼ਾਂ ਦੇ 109 ਕਿੱਲੋ ਭਾਰ ਵਰਗ ਵਿੱਚ 163 ਕਿੱਲੋ ਸਨੈਚ ਅਤੇ 192 ਕਿੱਲੋ ਕਲੀਨ ਐਂਡ ਜਰਕ ਨਾਲ ਕੁੱਲ 355 ਕਿੱਲੋ ਭਾਰ ਚੁੱਕ ਕੇ ਕਾਂਸੀ ਤਮਗਾ ਲੈ ਕੇ ਪੰਜਾਬ ਦਾ ਨਾਂ ਰੌਸ਼ਨ ਕੀਤਾ।



ਖੰਨਾ ਦੇ ਜੰਮਪਲ **ਗੁਰਦੀਪ ਸਿੰਘ** ਨੇ 109 ਕਿੱਲੋ ਤੋਂ ਵੱਧ ਭਾਰ ਵਰਗ ਵਿੱਚ 167 ਕਿੱਲੋ ਸਨੈਚ ਅਤੇ 223 ਕਿੱਲੋ ਕਲੀਨ ਐਂਡ ਜਰਕ ਕੁੱਲ 390 ਕਿੱਲੋ ਭਾਰ ਚੁੱਕ ਕੇ ਨਵਾਂ ਕੌਮੀ ਰਿਕਾਰਡ ਕਾਇਮ ਕਰਦਿਆਂ ਕਾਂਸੀ ਦਾ ਤਮਗਾ ਲੈ ਕੇ ਪੰਜਾਬੀਆਂ ਦੀ ਲਾਜ ਰੱਖੀ।



ਲੁਧਿਆਣਾ ਸ਼ਹਿਰ ਦੇ ਵੇਟ੍ਹਲਿਫਟਰ **ਵਿਕਾਸ ਠਾਕੁਰ** ਨੇ 96 ਕਿੱਲੋ ਭਾਰ ਵਰਗ ਵਿੱਚ 346 ਕਿੱਲੋ ਭਾਰ ਚੁੱਕਿਆ ਅਤੇ ਚਾਂਦੀ ਦਾ ਤਮਗਾ ਜਿੱਤ ਕੇ ਪੰਜਾਬੀਆਂ ਦਾ ਸੀਨਾ ਫਖਰ ਨਾਲ ਚੌੜਾ ਕੀਤਾ।



ਭਾਰਤ ਦੀ **ਪੁਰਸ਼ ਹਾਕੀ ਟੀਮ** ਜਿਸ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ, ਵਿੱਚ ਕਪਤਾਨ ਮਨਪ੍ਰੀਤ ਸਿੰਘ ਸਮੇਤ 11 ਖਿਡਾਰੀ ਪੰਜਾਬੀ ਸਨ।



**ਮਹਿਲਾ ਹਾਕੀ ਟੀਮ** ਨੇ ਕਾਂਸੀ ਤਮਗਾ ਜਿੱਤਿਆ, ਜਿਸ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੀ ਲੜਕੀ **ਗੁਰਜੀਤ ਕੌਰ** ਵੀ ਸ਼ਾਮਿਲ ਸੀ। ਚਾਂਦੀ ਦਾ ਤਮਗਾ ਜਿੱਤਣ ਵਾਲੀ **ਮਹਿਲਾ ਕ੍ਰਿਕਟ ਟੀਮ** ਦੀ ਕਪਤਾਨ ਮੋਗਾ ਜ਼ਿਲ੍ਹੇ ਦੀ ਰਹਿਣ ਵਾਲੀ **ਹਰਮਨਪ੍ਰੀਤ ਕੌਰ**, **ਤਾਨੀਆਂ ਭਾਟੀਆ** ਤੇ ਮੋਹਾਲੀ ਵਾਸੀ **ਹਰਲੀਨ ਕੌਰ** ਵੀ ਪੰਜਾਬਣਾ ਹਨ ।


ਹਰਮਨਪ੍ਰੀਤ ਕੌਰ

ਬੋਲੀ ਦੇ ਆਧਾਰ 'ਤੇ ਪੰਜਾਬ ਤੋਂ ਵੱਖ ਕੀਤੇ ਹਰਿਆਣਾ ਪ੍ਰਾਂਤ ਦੇ ਖਿਡਾਰੀਆਂ ਨੇ 9 ਸੋਨ, 2 ਚਾਂਦੀ ਤੇ 6 ਕਾਂਸੀ, ਕੁੱਲ 17 ਤਮਗੇ ਹਾਸਲ ਕੀਤੇ। ਇਨ੍ਹਾਂ ਵਿੱਚੋਂ ਬਹੁਗਿਣਤੀ ਪੰਜਾਬੀਆਂ ਦੀ ਹੀ ਹੈ।

ਪਾਕਿਸਤਾਨ ਦੇਸ਼ ਦੇ ਲਹਿੰਦੇ ਪੰਜਾਬ ਦੇ ਚਾਰ ਪੰਜਾਬੀ ਖਿਡਾਰੀਆਂ ਨੇ ਮੱਲਾਂ ਮਾਰੀਆਂ ਜਿਨ੍ਹਾਂ ਵਿੱਚ ਜੈਵਲਿਨ ਥਰੋਅ ਦੇ ਮੁਕਾਬਲੇ ਵਿੱਚ ਖਾਨੇਵਾਲ ਦੇ ਅਰਸ਼ਦ ਨਦੀਮ ਦਾ ਸੋਨ ਤਮਗਾ, ਗੁੱਜਰਾਂਵਾਲਾ ਦੇ ਨੂਰ ਦਸਤਗੀਰ ਬੱਟ ਦਾ ਵੇਟ੍ਹਲਿਫਟਿੰਗ ਦੇ ਹੈਵੀਵੇਟ੍ਹ 109 ਕਿੱਲੋਗ੍ਰਾਮ ਤੋਂ ਵੱਧ ਵਰਗ ਵਿੱਚ ਸੋਨ ਤਮਗਾ, ਗੁਜਰਾਂਵਾਲਾ ਦੇ ਦੋ ਪਹਿਲਵਾਨਾਂ ਮੁਹੰਮਦ ਇਨਾਮ ਤੇ ਜ਼ਮਨ ਅਨਵਰ ਦੇ ਚਾਂਦੀ ਤਮਗੇ ਸ਼ਾਮਿਲ ਹਨ।

ਕੈਨੇਡਾ ਦੇਸ਼ ਵਲੋਂ ਖੇਡਦਿਆਂ ਪੰਜਾਬੀ ਮੂਲ ਦੇ ਖਿਡਾਰੀਆਂ-ਅਮਰਵੀਰ ਸਿੰਘ ਢੇਸੀ ਤੇ ਨਿਸ਼ਾਨ ਸਿੰਘ

ਬਾਕੀ ਸਫ਼ਾ 32 'ਤੇ......

ਕਹਾਣੀ

# ਨਵੀਂ ਮੰਮੀ

**ਗੁਰਵਿੰਦਰ ਕੌਰ**
**ਰੂਪਨਗਰ**



ਸੁਮਨ ਦੀ ਦਾਦੀ ਫ਼ੋਨ 'ਤੇ ਉਸ ਦੀ ਭੂਆ ਨਾਲ ਗੱਲਾਂ ਕਰ ਰਹੀ ਸੀ। ਕਮਰੇ ਵਿੱਚ ਬੈਠੀ ਸੁਮਨ ਸਭ ਸੁਣ ਰਹੀ ਸੀ। ਉਮਰ ਵੀ ਅਜੇ ਬਹੁਤ ਛੋਟੀ ਸੀ, ਸਿਰਫ਼ ਦੱਸ ਸਾਲ। ਪਰ ਇੰਨੀ ਵੀ ਛੋਟੀ ਨਹੀਂ ਕਿ ਸਹੀ-ਗਲਤ ਨਾ ਸਮਝ ਸਕੇ।

ਸੁਮਨ ਦੀ ਮਾਂ ਨੂੰ ਪੂਰਾ ਹੋਏ ਇੱਕ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਸੀ। ਸਾਰਾ ਘਰ ਰੁੱਲ ਗਿਆ ਸੀ। ਸਾਰੇ ਕਿੰਨਾ ਸਮਾਂ ਰੋਂਦੇ ਰਹੇ। ਸੁਮਨ ਮਾਂ ਨੂੰ ਯਾਦ ਕਰਕੇ ਹੌਕੇ ਲੈਂਦੀ ਰਹਿੰਦੀ। ਦੋ ਮਹੀਨੇ ਤਾਂ ਨਾਨੀ ਵੀ ਉਨ੍ਹਾਂ ਕੋਲ ਰਹੀ। ਹੌਲੀ-ਹੌਲੀ ਸਭ ਸ਼ਾਂਤ ਹੋ ਗਿਆ। ਸਾਰੇ ਘਰ ਵਿੱਚ ਇੱਕ ਚੁੱਪ ਜਿਹੀ ਛਾ ਗਈ। ਪਾਪਾ ਅਤੇ ਦਾਦੀ ਸੁਮਨ ਨੂੰ ਬਹੁਤ ਪਿਆਰ ਕਰਦੇ ਸਨ। ਸੁਮਨ ਵੀ ਪਾਪਾ ਅਤੇ ਦਾਦੀ ਦਾ ਖਿਆਲ ਰੱਖਣ ਦੀ ਕੋਸ਼ਿਸ਼ ਕਰਦੀ। ਉਹ ਅਕਸਰ ਮੰਮੀ ਦੀ ਫੋਟੋ ਵੇਖ ਕੇ ਰੋਣ ਲੱਗ ਜਾਂਦੀ। ਸੁਮਨ ਨੂੰ ਇੰਝ ਦੇਖ ਕੇ ਸਭ ਦਾ ਮਨ ਭਰ ਆਉਂਦਾ।

ਕੁਝ ਦਿਨਾਂ ਤੋਂ ਘਰ ਵਿੱਚ ਚੱਲ ਰਹੀ ਗੱਲਬਾਤ ਅਤੇ ਜੀਤੀ ਭੂਆ ਦੇ ਰੋਜ਼ ਦੇ ਫ਼ੋਨਾਂ ਤੋਂ ਸੁਮਨ ਨੂੰ ਪਤਾ ਲੱਗ ਗਿਆ ਸੀ ਕਿ ਸਾਰੇ ਪਾਪਾ ਦਾ ਦੁਬਾਰਾ ਵਿਆਹ ਕਰਨ ਬਾਰੇ ਸੋਚ ਰਹੇ ਸਨ। ਉਹ ਬਹੁਤ ਡਰ ਗਈ ਸੀ। ਉਸ ਨੇ ਸੁਣਿਆ ਸੀ ਕਿ ਮਤਰੇਈ ਮਾਂ ਤਾਂ ਬਹੁਤ ਬੁਰੀ ਹੁੰਦੀ ਹੈ। ਉਸ ਨੇ ਸਕੂਲ ਜਾ ਕੇ ਆਪਣੀਆਂ ਸਹੇਲੀਆਂ ਨੂੰ ਦੱਸਿਆ ਤਾਂ ਉਹ ਫਿਕਰਮੰਦ ਹੋ ਗਈਆਂ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਹੁਣ ਸੁਮਨ ਦੇ ਬੁਰੇ ਦਿਨ ਸ਼ੁਰੂ ਹੋ ਜਾਣਗੇ। ਸੁਮਨ ਹੁਣ ਡਰੀ-ਡਰੀ ਰਹਿਣ ਲੱਗ ਪਈ ਸੀ। ਮਾਂ ਦੀ ਯਾਦ ਹੁਣ ਹੋਰ ਵੀ ਜ਼ਿਆਦਾ ਆਣ ਲੱਗ ਪਈ। ਦਿਨ ਵਿੱਚ ਕਿੰਨੀ ਵਾਰੀ ਉਹ ਰੋ ਲੈਂਦੀ ਸੀ। ਉਸ ਨੂੰ ਲਗਦਾ ਕਿ ਹੁਣ ਤਾਂ ਪਾਪਾ ਵੀ ਉਸ ਦੇ ਨਹੀਂ ਰਹਿਣੇ।

ਆਖਿਰ ਉਹ ਦਿਨ ਵੀ ਆ ਗਿਆ। ਇੱਕ ਦਿਨ ਜਦੋਂ ਉਹ ਸਕੂਲ ਤੋਂ ਆਈ ਤਾਂ ਦੇਖਿਆ ਕਿ ਘਰ ਉਸ ਦੀ ਭੂਆ, ਨਾਨਾ ਅਤੇ ਨਾਨੀ ਜੀ ਆਏ ਹੋਏ ਸਨ। ਸਭ ਨੂੰ ਦੇਖ ਕੇ ਉਹ ਬਹੁਤ ਖੁਸ਼ ਹੋਈ। ਨਾਨੀ ਨੇ ਤਾਂ ਉਸ ਨੂੰ ਰੱਜ ਕੇ ਪਿਆਰ ਕੀਤਾ। ਨਾਨੀ ਉਸ ਨੂੰ ਜੱਫੀ ਵਿੱਚ ਘੁੱਟ ਕੇ ਕਿੰਨਾ ਚਿਰ ਰੋਈ ਗਈ। ਹੌਲੀ-ਹੌਲੀ ਨਾਨੀ ਨੇ ਉਸ ਨੂੰ ਪਿਆਰ ਨਾਲ ਦੱਸਿਆ ਕਿ ਕੱਲ੍ਹ ਨੂੰ ਅਸੀਂ ਤੇਰੀ ਨਵੀਂ ਮੰਮੀ ਲੈ ਕੇ ਆਵਾਂਗੇ। ਸੁਮਨ ਦੀਆਂ ਅੱਖਾਂ ਭਰ ਆਈਆਂ। ਉਸ ਨੇ ਨਾਂਹ ਵਿੱਚ ਸਿਰ ਹਿਲਾਇਆ। ਨਾਨੀ ਨੇ ਪਿਆਰ ਨਾਲ ਸਮਝਾਇਆ ਕਿ ਸਭ ਨੂੰ ਹੀ ਨਵੀਂ ਮੰਮੀ ਦੀ ਬਹੁਤ ਲੋੜ ਹੈ। ਸੁਮਨ ਹੁਣ ਰੋਣ ਲੱਗ ਪਈ ਸੀ। ਪਾਪਾ ਨੇ ਉਸ ਨੂੰ ਗੋਦੀ ਚੁੱਕ ਲਿਆ ਅਤੇ ਕਿਹਾ ਕਿ ਸਭ ਠੀਕ ਹੋ ਜਾਵੇਗਾ ।

ਬਹੁਤ ਹੀ ਸਾਦੇ ਤਰੀਕੇ ਨਾਲ ਅਗਲੇ ਦਿਨ ਸਭ ਗੁਰਦੁਆਰੇ ਜਾ ਕੇ ਨਵੀਂ ਮੰਮੀ ਲੈ ਆਏ। ਸੁਮਨ ਨਾਨੀ ਨਾਲ ਘਰ ਹੀ ਰੁੱਕ ਗਈ ਸੀ। ਉਹ ਨਾ ਹੀ ਸਕੂਲ ਗਈ ਅਤੇ ਨਾ ਹੀ ਵਿਆਹ 'ਤੇ। ਉਹ ਗੁੰਮਸੁੰਮ ਜਿਹੀ ਆਪਣੇ ਕਮਰੇ ਵਿੱਚ ਪਈ ਰਹੀ। ਉਸ ਨੂੰ ਲੱਗਾ ਪਤਾ ਨਹੀ ਕੀ ਭਾਣਾ ਬੀਤਣ ਵਾਲਾ ਹੈ। ਕਿਤੇ ਨਵੀਂ ਮੰਮੀ ਉਸ ਨੂੰ ਘਰੋਂ ਹੀ ਨਾ ਕੱਢ ਦੇਵੇ। ਸ਼ਾਮ ਨੂੰ ਦਾਦੀ ਨੇ ਆ ਕੇ ਜਦੋਂ ਸੁਮਨ ਨੂੰ ਕਿਹਾ ਕਿ ਆਜਾ ਤੈਨੂੰ ਨਵੀਂ ਮੰਮੀ ਨਾਲ ਮਿਲਾਵਾਂ। ਉਹ ਡਰ ਗਈ। ਦਾਦੀ ਜਬਰਦਸਤੀ ਉਸ ਨੂੰ ਪਾਪਾ ਦੇ ਕਮਰੇ ਵਿੱਚ ਲੈ ਗਈ ਜਿੱਥੇ ਸਾਰੇ ਬੈਠੇ ਹੱਸ-ਹੱਸ ਕੇ ਗੱਲਾਂ ਕਰ ਰਹੇ ਸਨ।

ਕਮਰੇ ਵਿੱਚ ਸੋਫੇ ਦੇ ਇੱਕ ਕੋਨੇ 'ਤੇ ਬਹੁਤ ਸੋਹਣੀ ਜਿਹੀ ਔਰਤ ਨੂੰ ਉਸ ਨੇ ਪਾਪਾ ਨਾਲ ਬੈਠਿਆਂ ਦੇਖਿਆ। ਦਾਦੀ ਨੇ ਦੱਸਿਆ ਕਿ ਇਹ ਉਸ ਦੀ ਨਵੀਂ ਮੰਮੀ ਹੈ। ਸੁਮਨ ਨੂੰ ਦੇਖ ਕੇ ਨਵੀਂ ਮੰਮੀ ਮੁਸਕਰਾ ਪਈ ਅਤੇ ਬਾਹਵਾਂ ਖੋਲ੍ਹ ਕੇ ਇਸ਼ਾਰੇ ਨਾਲ ਉਸ ਨੂੰ ਆਪਣੇ ਕੋਲ ਬੁਲਾਇਆ। ਸੁਮਨ ਡਰਦੀ-ਡਰਦੀ ਕਦਮ ਪੁਟਦੀ ਅਗੇ ਵੱਧ ਰਹੀ ਸੀ। ਪਾਪਾ ਨੇ ਸੁਮਨ ਨੂੰ ਗੋਦੀ ਚੁੱਕ ਲਿਆ ਅਤੇ ਪਿਆਰ ਕੀਤਾ। ਹੁਣ ਉਹ ਮੰਮੀ ਦੇ ਸਾਹਮਣੇ ਖੜ੍ਹੀ ਸੀ, ਜਿਵੇਂ ਕੋਈ ਗੁਨਾਹਗਾਰ ਹੋਵੇ। ਅੱਖਾਂ ਧਰਤੀ 'ਤੇ ਗੱਡੀਆਂ ਹੋਈਆਂ ਸਨ। ਨਵੀ ਮੰਮੀ ਨੇ ਉਸ ਦਾ ਹੱਥ ਘੁੱਟ ਕੇ ਫੜ ਲਿਆ ਅਤੇ ਉਸ ਦਾ ਨਾਮ ਪੁਛਿਆ। ਸੁਮਨ ਨੇ ਵੀ ਹੌਸਲਾ ਕਰਕੇ ਪੁੱਛਿਆ "ਕੀ ਤੁਸੀਂ ਮੇਰੀ ਨਵੀ ਮੰਮੀ ਹੋ?" ਉਸ ਨੇ ਜਵਾਬ ਦਿੱਤਾ "ਨਹੀ, ਸਿਰਫ਼ ਮੰਮੀ" ਅਤੇ ਘੁੱਟ ਕੇ ਸੁਮਨ ਨੂੰ ਜੱਫੀ ਵਿਚ ਲੈ ਲਿਆ। ਸੁਮਨ ਦਾ ਡਰ ਚੁੱਕਿਆ ਗਿਆ। ਉਹ ਮੰਮੀ ਨਾਲ ਖੁੱਲ੍ਹ ਕੇ ਗੱਲਾਂ ਕਰਨ ਲਗ ਪਈ। ਸਭ ਖੁਸ਼ ਸਨ। ਕੁਝ ਦਿਨਾਂ ਵਿਚ ਹੌਲੀ ਹੌਲੀ ਸੁਮਨ ਅਤੇ ਮੰਮੀ ਦਾ ਪਿਆਰ ਹੋਰ ਵੱਧ ਗਿਆ। ਘਰ ਵਿਚ ਰੌਣਕ ਇਕ ਵਾਰੀ ਫੇਰ ਤੋਂ ਮੁੜ ਆਈ ਸੀ।

❊ ❊ ❊ ❊ ❊

.....ਸਫ਼ਾ 31 ਦੀ ਬਾਕੀ

ਰੰਧਾਵਾ ਨੇ ਕੁਸ਼ਤੀ ਦੇ ਕ੍ਰਮਵਾਰ 125 ਕਿੱਲੋ ਤੋਂ ਵੱਧ ਹੈਵੀਵੇਟ੍ਹ ਅਤੇ 97 ਕਿੱਲੋ ਵਰਗ ਵਿੱਚ ਸੋਨ ਤਮਗੇ ਜਿੱਤੇ। ਇਨ੍ਹਾਂ ਤੋਂ ਇਲਾਵਾ ਜਗਮੀਤ ਸਿੰਘ ਨੇ 74 ਕਿੱਲੋ ਕੁਸ਼ਤੀ ਮੁਕਾਬਲੇ ਵਿੱਚ ਕਾਂਸੀ ਅਤੇ ਪ੍ਰਿਯੰਕਾ ਢਿੱਲੋਂ ਨੇ 48 ਕਿੱਲੋ ਮਹਿਲਾ ਮੁੱਕੇਬਾਜ਼ੀ ਮੁਕਾਬਲੇ ਵਿੱਚ ਕਾਂਸੀ ਤਮਗੇ ਹਾਸਲ ਕੀਤੇ। ਕੈਨੇਡਾ ਦੀ ਪੁਰਸ਼ ਹਾਕੀ ਟੀਮ ਭਾਵੇਂ ਤਮਗਾ ਨਹੀਂ ਜਿੱਤ ਸਕੀ ਪਰ ਇਸ ਟੀਮ ਵਿੱਚ ਰੂਪਕੰਵਰ ਢਿੱਲੋਂ, ਗੁਰਪ੍ਰੀਤ ਸਿੰਘ, ਬਲਰਾਜ ਪਨੇਸਰ, ਮਨਵੀਰ ਝੱਮਟ ਤੇ ਹਰਬੀਰ ਸਿੱਧੂ ਪੰਜ ਪੰਜਾਬੀ ਸ਼ਾਮਿਲ ਸਨ। ਇੰਗਲੈਂਡ ਵਲੋਂ ਵੀ ਪੰਜਾਬੀ ਮੂਲ ਦੇ ਮਨਧੀਰ ਸਿੰਘ ਕੂਨਰ ਨੇ ਕੁਸ਼ਤੀ ਵਿੱਚ ਕਾਂਸੀ ਤਮਗਾ ਜਿੱਤਿਆ। ਰਾਸ਼ਟਰਮੰਡਲ ਖੇਡਾਂ ਦੇ ਸਮਾਪਤੀ ਸਮਾਰੋਹ ਸਮੇਂ ਵੀ ਪੰਜਾਬੀ ਗਾਣਿਆਂ 'ਤੇ ਭੰਗੜੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਦਾ ਦਿਲ ਜਿੱਤਿਆ।

ਵਿਗਿਆਨਕ ਗਿਆਨ

**ਡਾ. ਹਰਚਰਨ ਦਾਸ ਸੈਰ (ਸੈਣੀ)**
ਪੀ.ਈ.ਐੱਸ. (ਰਿਟਾ.)



# ਇੱਕ ਕ੍ਰਿਸ਼ਮਈ ਅੰਕ ਦੀ ਅਜਬ ਦਾਸਤਾਂ

ਮੈਂ, ਗਣਿਤਕ ਅੰਕ 'ਪਾਈ'(π) ਹਾਂ। ਮੈਂ ਯੂਨਾਨੀ ਭਾਸ਼ਾ ਦਾ ਇੱਕ ਅੱਖਰ ਹਾਂ ਜੋ ਅੰਗਰੇਜ਼ੀ ਦੇ ਅੱਖਰ P ਵਾਂਗ ਬੋਲਿਆ ਜਾਂਦਾ ਹੈ। ਮੇਰੇ ਲਈ ਇਹ ਚਿਨ੍ਹ ਸਭ ਤੋਂ ਪਹਿਲਾਂ ਵਿਲੀਅਮ ਜੋਨਜ ਨੇ 1706 ਈ. ਵਿੱਚ ਵਰਤਿਆ। ਮੈਂ ਹਰ ਗੋਲਾਕਾਰ ਚੀਜ਼ ਵਿੱਚ ਮੌਜੂਦ ਹਾਂ। ਮੈਂ ਮਸ਼ੀਨਾਂ, ਇਮਾਰਤਾਂ ਦੇ ਡਿਜ਼ਾਇਨਾਂ ਅਤੇ ਮੌਸਮ ਦੇ ਅੰਦਾਜ਼ਿਆਂ ਤੋਂ ਲੈ ਕੇ ਪ੍ਰਮਾਣੂ ਦੀ ਬਣਤਰ ਵਿੱਚ ਵੀ ਮੌਜੂਦ ਹਾਂ। ਕਿਸੇ ਵੀ ਚੱਕਰ ਦੇ ਘੇਰੇ ਨੂੰ ਉਸ ਦੇ ਵਿਆਸ ਨਾਲ ਵੰਡ ਦੇਵੋ, ਮੈਂ ਮਿਲ ਜਾਵਾਂਗੀ। ਹਰ ਚੱਕਰ ਲਈ ਇਹ ਅਨੁਪਾਤ ਬਰਾਬਰ ਹੁੰਦਾ ਹੈ। ਚੱਕਰ ਭਾਵੇਂ ਸਿੱਕੇ ਜਿੱਡਾ ਹੋਵੇ ਤੇ ਭਾਵੇਂ ਖੇਡ ਮੈਦਾਨ ਜਿੱਡਾ। ਚੱਕਰ ਦੇ ਘੇਰੇ ਲਈ ਹਜ਼ਾਰਾਂ ਸਾਲਾਂ ਤੱਕ ਪੈਰੀਮੀਟਰ (Perimeter) ਲਫ਼ਜ਼ ਇਸਤੇਮਾਲ ਕੀਤਾ ਜਾਂਦਾ ਰਿਹਾ। ਅੰਗਰੇਜ਼ੀ ਵਿੱਚ P ਅਤੇ ਯੂਨਾਨੀ ਵਿੱਚ ਪਾਈ ( ) ਅੰਕ ਦੋਵੇਂ ਹੀ ਸੋਲ੍ਹਵੇਂ ਸਥਾਨ 'ਤੇ ਆਉਂਦੇ ਹਨ। ਵਿਗਿਆਨ ਤੇ ਗਣਿਤ ਦਾ ਹਰ ਵਿਦਿਆਰਥੀ ਮੇਰੇ ਨਾਂ ਤੋਂ ਵਾਕਿਫ਼ ਹੈ ਪਰ ਹੈਰਾਨੀ ਹੈ ਕਿ ਅਜੇ ਤੱਕ ਕੋਈ ਵੀ ਮੈਨੂੰ ਪੂਰੀ ਤਰ੍ਹਾਂ ਪਛਾਣ ਨਹੀਂ ਸਕਿਆ। ਬਹੁਤਿਆਂ ਲਈ ਤਾਂ ਮੈਂ ਅਜੇ ਵੀ 22/7 ਜਾਂ 3.14 ਹੀ ਹਾਂ। ਇਸ ਮੰਨਤ ਅਨੁਸਾਰ ਹੀ ਅੰਤਰਰਾਸ਼ਟਰੀ ਪਾਈ ਦਿਵਸ ਹਰ ਸਾਲ ਮਾਰਚ, 14 (3,14) ਨੂੰ ਮਨਾਇਆ ਜਾਂਦਾ ਹੈ। ਪਰ ਮੈਂ ਇਨ੍ਹਾਂ ਵਿੱਚੋਂ ਕੋਈ ਵੀ ਨਹੀ। ਮੈਨੂੰ ਸਮਝਣ ਲਈ ਮਨੁੱਖ ਅੱਜ ਤੱਕ ਕੋਸ਼ਿਸ਼ਾਂ ਕਰ ਰਿਹਾ ਹੈ।

ਮੇਰੀ ਮਹਾਨਤਾ ਅਤੇ ਲੋੜ ਪੁਰਾਤਨ ਸੱਭਿਆਤਾਵਾਂ ਦੇ ਲੋਕ ਵੀ ਮਹਿਸੂਸ ਕਰਦੇ ਸਨ। ਪੁਰਾਤਨ ਸਮਿਆਂ ਵਿੱਚ ਸੂਰਜ ਨੂੰ ਧਰਤੀ ਦੁਆਲੇ ਜਾਂ ਧਰਤੀ ਨੂੰ ਸੂਰਜ ਦੁਆਲੇ ਚੱਕਰ ਵਿੱਚ ਘੁੰਮਦਿਆਂ ਸਮਝ ਕੇ ਸਮੇਂ ਦੀ ਗਣਨਾ ਕਰਨ ਲਈ ਪਾਈ ਦੀ ਕੀਮਤ ਲੱਭਣੀ ਜ਼ਰੂਰੀ ਸੀ। ਦੁਨੀਆਂ ਵਿੱਚ ਪਹੀਏ ਦੀ ਖੋਜ ਮਨੁੱਖ ਦੀਆਂ ਸਭ ਤੋਂ ਵੱਡੀਆਂ ਖੋਜਾਂ ਵਿੱਚ ਅਹਿਮ ਮੰਨੀ ਜਾਂਦੀ ਹੈ। ਪਹੀਆ ਜੋ ਇੱਕ ਚੱਕਰਦਾਰ ਵਸਤੂ ਹੈ, ਦੇ ਆਧਾਰ 'ਤੇ ਅਨੇਕ ਮਸ਼ੀਨਾਂ ਬਣੀਆਂ। ਕਿਸੇ ਚੱਕਰ ਦਾ ਘੇਰਾ ਲੱਭਣ ਅਤੇ ਉਸ ਦੇ ਅਧਾਰ 'ਤੇ ਮਸ਼ੀਨਾਂ ਵਿਕਸਤ ਕਰਨ ਲਈ ਮੈਨੂੰ ਪਛਾਨਣਾ ਜ਼ਰੂਰੀ ਸੀ। ਮੇਰੇ ਜਨਮ ਦੇ ਸੰਕੇਤ ਤਾਂ ਤਕਰੀਬਨ ਸਾਢੇ ਚਾਰ ਹਜ਼ਾਰ ਸਾਲ ਪਹਿਲਾਂ ਬੇਬੀਲੋਨ ਅਤੇ ਮਿਸਰ ਦੇ ਲੇਖਕਾਂ ਨੇ ਆਪਣੀਆਂ ਲਿਖਤਾਂ ਵਿੱਚ ਦੇ ਦਿੱਤੇ ਸਨ। ਬੇਬੀਲੋਨੀ ਮੈਨੂੰ 25/8 ਮੰਨ ਕੇ ਡੰਗ ਸਾਰ ਲੈਂਦੇ ਸਨ ਅਤੇ ਮਿਸਰ ਦੇ ਵਿਦਵਾਨ ਮੈਨੂੰ 256/81 ਮੰਨਦੇ ਸਨ। ਪੁਰਾਤਨ ਬਾਈਬਲ ਵਿੱਚ ਮੈਨੂੰ 3 ਹੀ ਲਿਖਿਆ ਗਿਆ ਹੈ। ਪਰ ਯੂਨਾਨੀ ਬੁੱਧੀਜੀਵੀ ਆਰਕੀਮੀਡਜ਼ ਨੇ ਕਰੀਬ ਢਾਈ ਹਜ਼ਾਰ ਸਾਲ ਪਹਿਲਾਂ (250 ਈ.ਪੂ) ਵਿੱਚ ਸਪਸ਼ਟ ਕਰ ਦਿੱਤਾ ਸੀ ਕਿ ਮੈਂ 22/7 ਅਤੇ 3.14 ਦੋਵਾਂ ਦੇ ਵਿਚਕਾਰ ਰਹਿੰਦੀ ਹਾਂ। ਉਸ ਨੇ ਪਹਿਲਾਂ ਇੱਕ ਇਕਾਈ ਅਰਧਵਿਆਸ ਵਾਲੇ ਚੱਕਰ ਵਿੱਚ ਇਕਾਈ ਬਾਹੀ ਵਾਲੀ 6 ਬਾਹੀ ਸਮਭੁਜ ਅਤੇ ਫਿਰ 12 ਬਾਹੀ, 24 ਬਾਹੀ, 48 ਬਾਹੀ ਅਤੇ ਅਖੀਰ ਵਿੱਚ 96 ਬਾਹੀ ਸਮਭੁਜ ਬਣਾ ਕੇ ਸਾਬਤ ਕੀਤਾ ਕਿ ਮੈਂ 223/71 ਅਤੇ 22/7 ਵਿਚਕਾਰ ਕਿਤੇ ਪਈ ਹਾਂ। ਆਰਕੀਮੀਡਜ਼ ਦੇ ਸਮਭੁਜੀ ਨੁਸਖ਼ੇ ਦਾ ਇਹ ਕਮਾਲ ਸੀ ਕਿ ਇਸ ਰਾਹੀਂ ਤੁਸੀਂ ਜਿੰਨਾਂ ਚਾਹੋ ਮੇਰੇ ਨਜ਼ਦੀਕ ਹੋ ਸਕਦੇ ਹੋ। ਇਸ ਵਿਧੀ ਨੇ ਗਿਆਨਵਾਨਾਂ ਅੰਦਰ ਮੇਰੇ ਨੇੜੇ ਆਉਣ ਦੀ ਖਿੱਚ ਪੈਦਾ ਕਰ ਦਿੱਤੀ। ਅਗਲੀਆਂ ਤਕਰੀਬਨ 18 ਸਦੀਆਂ ਤੱਕ ਮੇਰੇ ਨੇੜੇ ਆਉਣ ਲਈ ਇਹੋ ਤਰੀਕਾ ਵਰਤ ਹੁੰਦਾ ਰਿਹਾ। ਆਰਕੀਮੀਡਜ਼ ਤੋਂ ਲਗਭੱਗ 7 ਸਦੀਆਂ ਬਾਅਦ ਸ਼ੂ ਚੁੰਗ ਸ਼ੀਂਹ ਨੇ ਮੈਨੂੰ 355/113 ਕਹਿ ਕੇ ਨਿਵਾਜਿਆ। ਫਿਰ ਕਰੀਬ 11 ਸਦੀਆਂ ਬਾਅਦ 1610 ਵਿੱਚ ਲੁਡੋਲਫ ਵੈਨ ਸਿਉਲਨ ਨੇ ਆਪਣੀ ਸਾਰੀ ਜ਼ਿੰਦਗੀ ਲੇਖੇ ਲਾ ਕੇ ਮੈਨੂੰ 34 ਦਸ਼ਮਲਵ ਤੱਕ ਜਾਣਿਆਂ।

ਮਹਾਨ ਵਿਗਿਆਨੀ ਆਈਸੈਕ ਨਿਊਟਨ( 1643-1727) ਦੇ ਕੈਲਕੁਲਸ ਦੀ ਆਮਦ ਨਾਲ ਮੇਰੀ ਜ਼ਿੰਦਗੀ ਦਾ ਦੂਜਾ ਦੌਰ ਸ਼ੁਰੂ ਹੋਇਆ। ਫਿਰ ਕੁੱਝ ਹੀ ਸਾਲਾਂ ਅੰਦਰ ਮੇਰੀ ਤਲਾਸ਼ ਲਈ ਤਰ੍ਹਾਂ ਤਰ੍ਹਾਂ ਦੀਆਂ ਸੀਰੀਜ਼ (Series) ਹੋਂਦ ਵਿੱਚ ਆਈਆਂ ਜਿਨ੍ਹਾਂ ਦੀ ਬਦੌਲਤ ਮੇਰੇ ਦਸ਼ਮਲਵ ਅੰਕਾਂ ਨੂੰ ਜਾਨਣਾ ਸੌਖਾ ਹੋ ਗਿਆ। ਗਣਿਤ ਸ਼ਾਸਤਰੀ ਜੌਹਨ ਮਾਸ਼ਿਨ ਨੇ 1706 ਵਿੱਚ ਇਕ ਸੀਰੀਜ਼ ਦੀ ਵਰਤੋਂ ਕਰ ਕੇ ਮੇਰੇ 100 ਦਸ਼ਮਲਵ ਅੰਕ ਹਾਸਲ ਕੀਤੇ। ਉਸ ਤੋਂ ਬਾਅਦ ਸ਼ੁੰਕ ਨੇ 1873 ਵਿੱਚ ਇਸ ਸੀਰੀਜ਼ ਨਾਲ ਮੇਰੇ 707 ਅੰਕ ਲੱਭੇ ਜਿਸ ਲਈ ਉਸ ਨੂੰ 15 ਸਾਲ ਤੋਂ ਵੱਧ ਸਮਾਂ ਲੱਗਾ। ਸੰਨ 1882 ਵਿੱਚ ਲਿੰਡੇਮੈਨ ਨੇ ਮੈਨੂੰ ਅਲੋਕਿਕ(Transcendental) ਅੰਕ ਐਲਾਨ ਦਿੱਤਾ। ਭਾਰਤੀ ਗਣਿਤਕਾਰ ਸ੍ਰੀਨਵਾਸ ਰਾਮਾਨੁਜਨ ਨੇ 1910 ਵਿੱਚ ਮੇਰੇ ਲਈ ਇੱਕ ਅਜਿਹੀ ਸੀਰੀਜ਼ ਪੇਸ਼ ਕੀਤੀ ਜਿਸ ਨਾਲ ਮੇਰੇ ਪਹਿਲੇ 13,27,26,55,69,84 ਅਤੇ 98 ਦਸ਼ਮਲਵ ਅੰਕ ਮਿਲ ਜਾਂਦੇ ਹਨ। ਇਸ ਸੀਰੀਜ਼ ਰਾਹੀਂ ਹੁਣ ਤੱਕ ਮੇਰੇ ਅੰਕਾਂ ਬਾਰੇ ਵਿਸ਼ਵ ਰਿਕਾਰਡ ਬਣ ਰਹੇ ਹਨ।

ਕੰਪਿਊਟਰ ਦੇ ਆਉਣ ਨਾਲ ਮੈਂ ਆਪਣੀ ਮਾਣਮੱਤੀ ਜ਼ਿੰਦਗੀ ਦੇ ਤੀਜੇ ਦੌਰ ਵਿੱਚ ਦਾਖ਼ਲ ਹੋਈ। 1949 ਵਿੱਚ ਪਹਿਲੀ ਵਾਰ ਕੰਪਿਊਟਰ ਦੀ ਮਦਦ ਨਾਲ 70 ਘੰਟਿਆਂ ਦੀ ਮਿਹਨਤ ਨਾਲ ਮੇਰੇ ਪਹਿਲੇ 2037 ਦਸ਼ਮਲਵ ਅੰਕ ਲੱਭ ਲਏ ਗਏ। ਫੇਰ ਵੇਖਦਿਆਂ ਹੀ ਵੇਖਦਿਆਂ ਕੁੱਝ ਕੁ ਸਾਲਾਂ ਵਿੱਚ ਹੀ ਗਣਿਤ ਅਤੇ ਤਰਕਸ਼ਾਸਤਰ ਦੇ ਗੁੰਝਲਦਾਰ ਸਿਧਾਂਤਾਂ ਦੀ ਮਦਦ ਨਾਲ ਇਨ੍ਹਾਂ ਅੰਕਾਂ ਦੀ ਗਿਣਤੀ ਲੱਖਾਂ ਕਰੋੜਾਂ ਤੱਕ ਪੁੱਜ

ਬਾਕੀ ਸਫ਼ਾ 34 'ਤੇ .....

# ਬੋਲੋ ਜ਼ਰੂਰ, ਪਰ ਸੋਚ ਸਮਝ ਕੇ

ਸੰਜੀਵ ਸਿੰਘ ਸੈਣੀ
ਮੋਹਾਲੀ



"ਉੱਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ"। ਜ਼ੁਬਾਨ ਸਾਡੀ ਅਨਮੋਲ ਤੋਹਫ਼ਾ ਹੈ, ਜਿਸ ਰਾਹੀਂ ਅਸੀਂ ਆਪਣੇ ਵਿਚਾਰ ਦੂਜਿਆਂ ਸਾਹਮਣੇ ਰੱਖਦੇ ਹਾਂ। ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾਂ ਮਾੜਾ ਬੋਲ ਦਿੰਦੇ ਹਾਂ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ 'ਤੇ ਪਹੁੰਚ ਜਾਂਦੇ ਹਨ। ਸਾਨੂੰ ਕੁੱਝ ਵੀ ਬੋਲਣ ਤੋਂ ਪਹਿਲਾਂ ਉਸ 'ਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਜੋ ਮੈਂ ਬੋਲਣ ਲੱਗਾ ਹਾਂ, ਉਸ ਨਾਲ ਕਿਸੇ ਦੇ ਦਿਲ ਨੂੰ ਠੇਸ ਤਾਂ ਨਹੀਂ ਪਹੁੰਚੇਗੀ? ਕੀ ਇਹ ਸ਼ਬਦ ਜਾਇਜ਼ ਹਨ? ਕਹਿਣ ਦਾ ਮਤਲਬ ਹੈ ਕਿ ਥੋੜ੍ਹਾ ਬੋਲੋ ਪਰ ਸੋਚ ਸਮਝ ਕੇ। ਇਹ ਨਾ ਹੋਵੇ ਕਿ ਇਨ੍ਹਾਂ ਬੋਲਾਂ ਕਰ ਕੇ ਕੋਈ ਤੁਹਾਨੂੰ ਦੂਜਿਆਂ ਸਾਹਮਣੇ ਜ਼ਲੀਲ ਕਰੇ। ਇੱਕ ਕਹਾਵਤ ਹੈ, "ਬੋਲਿਆਂ ਨੇ ਬੋਲ ਵਿਗਾੜੇ, ਮਿੰਨਿਆਂ ਨੇ ਘਰ ਉਜਾੜੇ"। ਕਈ ਵਾਰ ਅਸੀਂ ਇੰਨਾਂ ਬੇਤੁਕਾ ਬੋਲ ਜਾਂਦੇ ਹਾਂ ਕਿ ਸਾਰੀ ਉਮਰ ਦੇ ਸਬੰਧ ਟੁੱਟ ਜਾਂਦੇ ਹਨ। ਇਸ ਨਾਲ ਦੋਵੇਂ ਪਾਸਿਆਂ ਨੂੰ ਨੁਕਸਾਨ ਹੁੰਦਾ ਹੈ। ਫਿਰ ਸਾਨੂੰ ਪਛਤਾਵਾ ਹੁੰਦਾ ਹੈ। ਕ੍ਰੋਧ ਸਮੇਂ ਸਾਨੂੰ ਸਹਿਣਸ਼ੀਲ ਹੋਣਾ ਚਾਹੀਦਾ ਹੈ। ਸੋਚ-ਸਮਝ ਕੇ ਬੋਲੇ ਸ਼ਬਦਾਂ ਨੂੰ ਦੂਜਾ ਧਿਆਨ ਨਾਲ ਸੁਣਦਾ ਹੈ। ਸਿਆਣੇ ਅਕਸਰ ਕਹਿੰਦੇ ਹਨ, "ਸੌ ਵਾਰ ਸੋਚ ਕੇ ਬੋਲੋ"।

ਸੰਸਾਰ ਵਿੱਚ ਅਸੀਂ ਸਾਂਝੇ ਕੰਮ-ਕਾਰ ਕਰਦਿਆਂ ਇਕੱਠੇ ਵਿਚਰਦੇ ਹਾਂ। ਇਸ ਦੌਰਾਨ ਕਈ ਵਾਰ ਮਨ-ਮੁਟਾਵ ਵੀ ਹੋ ਜਾਂਦਾ ਹੈ। ਕਈ ਵਾਰ ਸਾਡਾ ਮਾਮੂਲੀ ਝਗੜਾ ਵੀ ਹੋ ਜਾਂਦਾ ਹੈ ਅਤੇ ਗੱਲ ਪੰਚਾਇਤਾਂ ਜਾਂ ਸ਼ਹਿਰ ਦੀਆਂ ਮਿਊਂਸਪਲ ਕਮੇਟੀਆਂ ਤੱਕ ਪੁੱਜ ਜਾਂਦੀ ਹੈ ਜਿੱਥੇ ਦੋਵੇਂ ਧਿਰਾਂ ਦਾ ਸਮਝੌਤਾ ਕਰਵਾਇਆ ਜਾਂਦਾ ਹੈ। ਕਈ ਵਾਰ ਤਾਂ ਸਾਨੂੰ ਮੁਆਫ਼ੀ ਵੀ ਮੰਗਣੀ ਪੈ ਜਾਂਦੀ ਹੈ। ਫਿਰ ਅਸੀਂ ਉਸ ਬੰਦੇ ਨੂੰ ਪਤਾ ਨਹੀਂ ਨਹੀਂ ਕੀ ਕੀ ਬੋਲ ਦਿੰਦੇ ਹਾਂ। ਇੱਥੋਂ ਤੱਕ ਕਿ ਗਾਲੀ-ਗਲੋਚ ਅਤੇ ਮਾਰ-ਕੁਟਾਈ ਤੱਕ ਵੀ ਪਹੁੰਚ ਜਾਂਦੇ ਹਾਂ। ਉਸ ਸਮੇਂ ਅਸੀਂ ਵਿਰੋਧੀ ਨਾਲੋਂ ਸਾਰੀ ਉਮਰ ਲਈ ਸਬੰਧ ਤੋੜਨ ਬਾਰੇ ਸੋਚਣ ਲਗਦੇ ਹਾਂ। ਜਦੋਂ ਅਸੀਂ ਫਿਰ ਠੰਢੇ ਹੋ ਜਾਂਦੇ ਹਾਂ ਤਾਂ ਸੋਚਦੇ ਹਾਂ ਕਿ ਮੈਂ ਫਲਾਣੇ ਬੰਦੇ ਨੂੰ ਬਹੁਤ ਗਲਤ ਬੋਲਿਆ। ਜਦੋਂ ਕੋਈ ਤਕਰਾਰ ਹੋ ਜਾਵੇ ਤਾਂ ਚੰਗਾ ਇਹੀ ਹੁੰਦਾ ਹੈ ਕਿ ਅਸੀਂ ਉਸ ਜਗ੍ਹਾ ਤੋਂ ਦੂਰ ਚਲੇ ਜਾਈਏ ਅਤੇ ਆਪਣੇ ਆਪ ਨੂੰ ਕਿਸੇ ਹੋਰ ਕੰਮ ਵਿੱਚ ਰੁਝਾ ਲਈਏ। ਅਕਸਰ ਕਿਹਾ ਜਾਂਦਾ ਹੈ ਕਿ ਤਲਵਾਰ ਦਾ ਜ਼ਖ਼ਮ ਭਰ ਜਾਂਦਾ ਹੈ ਪਰ ਜੀਭ ਦਾ ਬੋਲਿਆ ਹੋਇਆ ਬੋਲ ਕਦੇ ਨਹੀਂ ਭੁਲਦਾ।

ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਉਹ ਅਕਸਰ ਘਰ ਵਿੱਚ ਲੜਾਈ ਝਗੜਾ ਵੀ ਕਰਦਾ ਰਹਿੰਦਾ ਹੈ। ਇਸ ਨਾਲ ਘਰ ਵਿਚ ਕਲੇਸ਼ ਵਰਗਾ ਮਾਹੌਲ ਪੈਦਾ ਹੋ ਜਾਂਦਾ ਹੈ। ਅਜਿਹੇ ਇਨਸਾਨ ਦੇ ਕੋਈ ਕੋਲ ਵੀ ਖੜ੍ਹਨ ਨੂੰ ਤਿਆਰ ਨਹੀਂ ਹੁੰਦਾ। ਕਈ ਲੋਕ ਦੇਖਣ ਨੂੰ ਸੋਹਣੇ ਹੁੰਦੇ ਹਨ ਅਤੇ ਉਨ੍ਹਾਂ ਦਾ ਪਹਿਰਾਵਾ ਵੀ ਆਕਰਸ਼ਕ ਹੁੰਦਾ ਹੈ ਪਰ ਉਨ੍ਹਾਂ ਦੀ ਜ਼ੁਬਾਨ ਇੰਨੀ ਕੌੜੀ ਹੁੰਦੀ ਹੈ ਕਿ ਉਸ ਨਾਲ ਗੱਲ ਕਰਨ ਨੂੰ ਦਿਲ ਨਹੀਂ ਕਰਦਾ। ਜੋ ਜ਼ਿਆਦਾ ਬੋਲਦਾ ਹੈ ਉਹ ਅਕਸਰ ਪੁਆੜੇ ਦੀ ਜੜ੍ਹ ਬਣ ਜਾਂਦਾ ਹੈ। ਕਈ ਵਾਰ ਤਾਂ ਅਜਿਹਾ ਬੰਦਾ ਬਿਨਾਂ ਮੰਗਿਆਂ ਹੀ ਲੋਕਾਂ ਨੂੰ ਸਲਾਹਾਂ ਦਿੰਦਾ ਰਹਿੰਦਾ ਹੈ ਕਿ ਤੁਸੀਂ ਇਹ ਕਰ ਲਓ, ਇਸ ਨਾਲ ਤੁਹਾਡਾ ਫ਼ਾਇਦਾ ਹੋਵੇਗਾ। ਕਿਸੇ ਨੇ ਸਹੀ ਹੀ ਕਿਹਾ ਹੈ ਕਿ ਜ਼ੁਬਾਨ ਹੀ ਬੰਦੇ ਨੂੰ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ 'ਤੇ ਲੈ ਜਾਂਦੀ ਹੈ। ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ਪਰ ਉਨ੍ਹਾਂ ਦੀਆਂ ਅੱਖਾਂ ਸਭ ਕੁੱਝ ਕਹਿ ਜਾਂਦੀਆਂ ਹਨ। ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਬੋਲੋ, ਪਰ ਉੱਥੇ ਜਿੱਥੇ ਜ਼ਰੂਰਤ ਹੋਵੇ। ਜੋ ਲੋਕ ਜ਼ਰੂਰਤ ਤੋਂ ਬਗੈਰ ਬੋਲਦੇ ਹਨ ਦੂਜੇ ਉਨ੍ਹਾਂ ਦੇ ਚੁੱਪ ਹੋਣ ਦੀ ਉਡੀਕ ਕਰਨ ਲਗਦੇ ਹਨ। ਅਜਿਹਾ ਬੰਦਾ ਜਿੱਥੇ ਬੈਠਾ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ। ਦਫਤਰਾਂ ਵਿੱਚ ਅਫ਼ਸਰ ਬਹੁਤ ਘੱਟ ਬੋਲਦੇ ਹਨ ਪਰ ਉਨ੍ਹਾਂ ਦੀਆਂ ਅੱਖਾਂ ਹੀ ਸਭ ਕੁੱਝ ਸਿਖਾ ਜਾਂਦੀਆਂ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ਤੇ ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ। ਇਸ ਤਰ੍ਹਾਂ ਤੁਸੀਂ ਖੁਸ਼ਹਾਲ ਜੀਵਨ ਜੀਅ ਸਕਦੇ ਹੋ।

....ਸਫ਼ਾ 33 ਦੀ ਬਾਕੀ

ਗਈ। ਸੰਨ 1996-97 ਵਿੱਚ ਤਿੰਨ ਗਣਿਤਕਾਰ ਵਿਗਿਆਨੀਆਂ- ਬੈਲੀ, ਬੋਰਵੇਨ ਤੇ ਪਲੋਫ਼ ਨੇ ਇੱਕ ਨਵੀ ਵਿਧੀ ਐਲਗੋਰਿਥਮ ਪੇਸ਼ ਕੀਤੀ ਜਿਸ ਨਾਲ ਮੇਰਾ ਕੋਈ ਵੀ ਅੰਕ ਪ੍ਰਾਪਤ ਕਰਨ ਲਈ ਉਸ ਤੋਂ ਪਹਿਲੇ ਅੰਕ ਪਤਾ ਕਰਨੇ ਜ਼ਰੂਰੀ ਨਹੀ। ਪਿਛਲੇ ਦੋ ਦਹਾਕਿਆਂ ਦੌਰਾਨ ਕਈ ਅਜਿਹੀਆਂ ਵਿਧੀਆਂ ਆ ਚੁੱਕੀਆਂ ਹਨ ਜਿਨ੍ਹਾਂ ਦੀ ਬਦੌਲਤ ਮੇਰੀ ਗਣਨਾ ਲਈ ਨਿੱਤ ਨਵੇਂ ਮੀਲ ਪੱਥਰ ਸਥਾਪਿਤ ਕੀਤੇ ਜਾ ਰਹੇ ਹਨ। ਹੁਣੇ ਹੁਣੇ ਸੁਪਰ ਕੰਪਿਊਟਰ ਦੀ ਮਦਦ ਨਾਲ ਮੇਰੇ 6 ਨੀਲ, 28 ਅਰਬ, 31 ਅਰਬ, 85 ਕਰੋੜ, 30 ਲੱਖ, 71 ਹਜ਼ਾਰ, 7 ਸੌ, 96 ਭਾਵ 62.8 ਟ੍ਰਿਲਿਅਨ ਅੰਕ ਹਾਸਲ ਕੀਤੇ ਗਏ ਹਨ।

ਇਸ ਪ੍ਰਕਾਰ ਮੈਂ ਇਤਿਹਾਸ ਵਿੱਚ ਕਈ ਅਚੰਭੇ ਕੀਤੇ। ਅਸਲ ਵਿੱਚ ਮੈਂ ਕਿਸੇ ਵੀ ਭਿੰਨ ਦੇ ਬਰਾਬਰ ਨਹੀਂ। ਮੇਰੇ ਅੰਕਾਂ ਦੀ ਬੇਤਰਤੀਬੀ ਕਈ ਰਮਜ਼ਾਂ ਸਾਂਭੀ ਬੈਠੀ ਹੈ। ਮੇਰਾ ਸਰੂਪ ਰਹੱਸਮਈ ਹੈ। ਅਜੇ ਵੀ ਗਣਿਤਕਾਰਾਂ, ਭੌਤਿਕ ਵਿਗਿਆਨੀਆਂ ਅਤੇ ਹੋਰ ਵਿਗਿਆਨੀਆਂ ਦੀ ਦਿਲਚਸਪੀ ਮੇਰੇ ਵਿੱਚ ਘਟੀ ਨਹੀਂ। ਬ੍ਰਹਿਮੰਡ ਦੀ ਹਰ ਗੋਲਾਕਾਰ ਵਸਤੂ ਦਾ ਪੂਰਾ ਆਕਾਰ ਜਾਣਨ ਲਈ ਮੇਰੇ ਸਾਰੇ ਅੰਕਾਂ ਦਾ ਗਿਆਨ ਜ਼ਰੂਰੀ ਹੈ। ਅਜੇ ਮੇਰੇ ਹੋਰ ਕਿੰਨੇ ਰਹੱਸ ਉਜਾਗਰ ਹੋਣੇ ਹਨ ਇਹ ਤਾਂ ਭਵਿੱਖ ਦੇ ਗਰਭ ਵਿੱਚ ਪਿਆ ਹੈ।



## ਸੱਜਣ ਪਿਆਰਾ

ਚਰਨਜੀਤ ਸਿੰਘ ਕਤਰਾ
ਸਹੌੜਾਂ

ਗੁਰੂ ਨਾਨਕ ਜੀ ਚਾਨਣ ਵੰਡਦੇ,
ਚਾਰ ਚੁਫੇਰੇ ਸੀ ਘੁੰਮਦੇ,
ਹਰ ਪਾਸੇ ਅੰਧਕਾਰ ਸੀ,
ਢੌਂਗੀ ਭਰਮਾਂ 'ਚ ਪਾ ਲੋਕਾਂ ਨੂੰ ਸੀ ਗੁੰਨਦੇ।
ਨਾਮ ਜਪਾਉਂਦੇ ਇਕ ਦਿਨ ਗੁਰੂ ਜੀ,
ਸੱਜਣ ਠਗ ਦੇ ਡੇਰੇ ਆਏ,
ਚੰਗੀ ਸਾਮੀ ਸਮਝ ਗੁਰੂ ਨੂ,
ਸੱਜਣ ਅੰਦਰੋਂ ਖੂਬ ਮੁਸਕਾਏ।
ਆਦਰ ਨਾਲ ਬਿਠਾਉ ਇਨ੍ਹਾਂ ਨੂੰ,
ਨੌਕਰਾਂ ਨੂੰ ਉਨ੍ਹਾਂ ਹੁਕਮ ਸੁਣਾਇਆ,
ਸ਼ਾਹੀ ਭੋਜਨ ਨਾਲ ਕਰੋ ਸੇਵਾ ਇਨ੍ਹਾਂ ਦੀ,
ਪੁੰਨ ਦਾ ਦਿਨ ਇਹ ਆਇਆ।
ਆਪਣੇ ਆਸਣ ਆ ਬੈਠਾ ਸੱਜਣ,
ਦਿਮਾਗ 'ਚ ਵਿਉਤਾਂ ਪਿਆ ਬਣਾਵੇ,
ਬਹੁਤ ਅਮੀਰ ਵਪਾਰੀ ਲਗਦਾ,
ਇਹ ਹੱਥੋਂ ਨਾ ਏਵੇਂ ਲੰਘ ਜਾਵੇ।
ਵਿਉਂਤਾਂ ਬਣਾ ਬਣਾ ਉਹ ਥੱਕਾ,
ਕੋਈ ਵਿਉਂਤ ਸਿਰੇ ਨਾ ਲੱਗੀ,
ਮਰਦਾਨੇ ਨੇ ਜਦੋਂ ਰਬਾਬ ਸੀ ਛੇੜੀ,
ਉਦ੍ਹੇ ਦਿਲ 'ਚ ਤਰੰਗ ਜਿਹੀ ਵੱਜੀ।
ਕੌਣ ਨੇ ਇਹ ਕਿੱਥੋਂ ਨੇ ਆਏ,
ਹੈਰਾਨ ਹੋ ਉਹ ਸੋਚਣ ਲੱਗਾ,
ਪੱਥਰ ਜਿਹੇ ਮੇਰੇ ਦਿਲ ਨੂੰ ਅੱਜ,
ਸੁਣ ਕਿਉਂ ਝਟਕਾ ਜਿਹਾ ਲੱਗਾ।
ਧੁਰ ਦੀ ਬਾਣੀ, ਸੱਚ ਦੀ ਬਾਣੀ,
ਸੱਜਣ ਦੇ ਦਿਲ ਵਿੱਚ ਧੱਸਦੀ ਜਾਵੇ,
ਕੀ ਕਰਨ ਆਇਆ,
ਕੀ ਕਰਦਾ ਤੂੰ ਉਸ ਦੀ ਰੂਹ ਲਾਹਨਤਾਂ ਪਾਵੇ।
ਹੋਰ ਨਾ ਬੈਠ ਹੋਇਆ ਸੱਜਣ ਤੋਂ,
ਗੁਰੂ ਜੀ ਦੇ ਉਹ ਚਰਨੀ ਡਿੱਗਾ,
ਬਖਸ਼ਹਾਰ ਹੋ ਤੁਸੀਂ ਬਾਬਾ ਜੀ,
ਇੱਥੇ ਪਾਪੀ ਨੀ ਕੋਈ ਮੇਰੇ ਜਿੱਡਾ।
ਮੇਰਾ ਕੁੱਝ ਨੀ ਸਭ ਕੁੱਝ ਤੁਹਾਡਾ,
ਮੈਨੂੰ ਚਾਨਣ ਦਾ ਰਾਹ ਦਿਖਾਓ,
ਮਾੜੇ ਕਰਮ ਮੈਂ ਛੱਡੇ ਗੁਰੂ ਜੀ,
ਮੈਨੂੰ ਆਪਣਾ ਸੱਜਣ ਬਣਾਓ।
ਖੁਸ਼ ਹੋ ਸੱਜਣ ਨੂੰ ਗੁਰੂ ਨੇ ਗਲ ਨਾਲ ਲਾਇਆ,
ਕਿਹਾ ਇੱਥੇ ਧਰਮਸ਼ਾਲ ਬਣਾਓ,
ਕਰਮ ਕਰਨਾ ਵੰਡ ਛਕਣਾ
ਅਤੇ ਸਿਮਰਣ ਕਰੋ ਤੇ ਸੰਗਤਾਂ ਨੂੰ ਕਰਾਓ।
ਸਤਿ ਬਚਨ ਕਹਿ ਗੁਰੂ ਜੀ ਨੂੰ,
ਪੈਰਾਂ 'ਚ ਆਪਣਾ ਸਿਰ ਝੁਕਾਇਆ,
ਮਨ 'ਚੋਂ ਚੋਰ ਮਾਰ ਕੇ ਠੱਗ ਨੇ,
ਅਸਲ਼ੀ ਸੱਜਣ ਬਣ ਦਿਖਾਇਆ।

❋ ❋ ❋ ❋ ❋



ਜਗਜੋਧ ਬੇਲਾ (ਸੈਣੀ)

## ਮੈਂ ਹਾਂ

ਮੈਂ ਥੋੜ੍ਹਾ ਆਮ ਹਾਂ,
ਥੋੜ੍ਹਾ ਭੋਲਾ ਵੀ ਹਾਂ।
ਤੂੰ ਜਿਨ੍ਹਾਂ ਰਾਹਾਂ 'ਤੇ ਚਾਹੁੰਦਾਂ
ਮੈਂ ਉਨ੍ਹਾਂ ਰਾਹਾਂ 'ਤੇ ਵੀ ਹਾਂ।
ਮੈਂ ਮਾੜਾ ਹਾਂ,
ਕਈਆਂ ਲਈ ਚੰਗਾ ਵੀ ਹਾਂ।
ਕਈ ਮੈਨੂੰ ਸਮਝਦੇ ਨੇ,
ਮੈਂ ਬਹੁਤਿਆਂ ਦੀ ਸਮਝੋਂ ਬਾਹਰ ਵੀ ਹਾਂ।
ਮੈਂ ਅਣਸੁਲਝਿਆ ਸਵਾਲ ਹਾਂ,
ਜ਼ਿੰਦਗੀ ਲਈ ਜੁੜੀ ਤਾਰ ਵੀ ਹਾਂ।
ਇੱਕ ਪਾਸੇ ਜਿੱਤ ਦੀ ਖੁਸ਼ੀ,
ਤੇ ਕਈ ਵਾਰ ਹਾਰਦਾ ਵੀ ਹਾਂ।



## ਪੜ੍ਹਨਯੋਗ ਪੁਸਤਕ

# “ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ“
# ਲੇਖਕਾ ਸ੍ਰੀਮਤੀ ਸੁਰਿੰਦਰ ਕੌਰ ਸੈਣੀ

ਡਾ. ਜਸਵੰਤ ਕੌਰ ਸੈਣੀ

“ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ” ਸ਼੍ਰੀਮਤੀ ਸੁਰਿੰਦਰ ਕੌਰ ਸੈਣੀ ਦਾ ਨਾਵਲ ਹੈ। ਸੁਰਿੰਦਰ ਕੌਰ ਹੁਣ ਤੱਕ ਚਾਰ ਕਾਵਿ-ਸੰਗ੍ਰਹਿ , ਇੱਕ ਕਹਾਣੀ ਸੰਗ੍ਰਹਿ ਅਤੇ ਚਾਰ ਨਾਵਲ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੀ ਹੈ। ਇਹ ਨਾਵਲ ਉਸ ਦਾ ਚੌਥਾ ਨਾਵਲ ਹੈ । ਉਹ ਖੁਦ ਆਪਣੇ ਨਾਵਲ ਦੇ ਵਿਸ਼ੇ ਬਾਰੇ ਕਹਿੰਦੀ ਹੈ, “ਮੰਦਾ-ਚੰਗਾ, ਪਾਪ-ਪੁੰਨ ਤੇ ਦੁੱਖ-ਸੁੱਖ ਸਭ ਦੁਨਿਆਵੀ ਜੀਵਾਂ ਦੇ ਹਿੱਸੇ ਤਾਂ ਆਉਂਦੇ ਹੀ ਹਨ ਪਰ ਕੁੱਝ ਸਮਝਦਾਰ ਦਰਿੰਦੇ ਬੜੀ ਹੁਸ਼ਿਆਰੀ ਨਾਲ ਸ਼ਿਕਾਰ ਖੇਡਦੇ ਹਨ ਜਿਨ੍ਹਾਂ ਲਈ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਪੈਸਾ, ਜਾਇਦਾਦ ਤੇ ਸ਼ੁਹਰਤ ਹੀ ਉਨ੍ਹਾਂ ਦਾ ਟੀਚਾ ਹੁੰਦਾ ਹੈ। ਔਰਤ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋ ਜਾਂਦੀ ਹੈ। ਜਿਉਣ ਦੀ ਆਸ ਦਮ ਤੋੜ ਜਾਂਦੀ ਹੈ। ਅਜਿਹੇ ਹਲਾਤਾਂ ਵਿੱਚ ਵਾਹਿਗੁਰੂ ਜੀ ਪਾਕ-ਪਵਿੱਤਰ ਰੂਹਾਂ ਭੇਜ ਦਿੰਦਾ ਹੈ ਜੋ ਸ਼ੁਭ ਕਰਮ ਕਰਦੀਆਂ ਹਨ ਤੇ ਦੁਨੀਆਂ ਤੇ ਹੋ ਰਹੇ ਪਾਪਾਂ ਨੂੰ ਰੋਕ ਪਾਉਣ ਦਾ ਯਤਨ ਕਰਦੀਆਂ ਹਨ। ਦੋ ਨੇਕ ਰੂਹਾਂ ਦਾ ਜੀਵਨ ਵਿੱਚ ਸਚਾਈ ਤੇ ਈਮਾਨਦਾਰੀ ਨਾਲ ਸੰਘਰਸ਼ ਕਰਨਾ ਹੀ ਇਸ ਨਾਵਲ ਦੀ ਕਹਾਣੀ ਹੈ”।

ਇਸ ਨਾਵਲ ਦੀ ਕਹਾਣੀ 24 ਹਿੱਸਿਆਂ ਵਿੱਚ ਵੰਡੀ ਹੋਈ ਹੈ। ਇਸ ਵਿੱਚ ਦੋ ਮੁੱਖ ਕਿਰਦਾਰ ਹਰਵੀਰ ਤੇ ਕਿਰਨ ਹਨ। ਹਰਵੀਰ 84 ਦੇ ਸੰਤਾਪ ਦਾ ਬਚਿਆ ਅੰਸ਼ । ਕਿਰਨ ਮਾਪਿਆਂ ਬਾਹਰੀ ਤਾਏ ਦੇ ਸਿਤਮ ਦੀ ਸਤਾਈ ਹੈ ਜੋ ਘਰੋਂ ਭੱਜ ਕੇ ਗੱਡੀ ਫੜਦੀ ਹੈ ਜਿੱਥੇ ਉਸ ਨੂੰ ਹਰਵੀਰ ਮਿਲਦਾ ਹੈ। ਹਰਵੀਰ ਨਿਤਾਣਿਆਂ ਨਿਆਸਰਿਆਂ ਦਾ ਸਹਾਰਾ ਹੈ। ਦਿੱਲੀ ਵਿਚ ਇੱਕ ਬਜ਼ੁਰਗ ਔਰਤ ਜਿਸ ਨੂੰ ਔਤਰੀ ਹੋਣ ਕਾਰਨ ਘਰੋਂ ਕੱਢ ਦਿੱਤਾ ਗਿਆ। ਤਿੰਨ ਅਨਾਥ ਬੱਚਿਆਂ ਤੇ ਇਸ ਔਰਤ ਦਾ ਸਹਾਰਾ ਹਰਵੀਰ ਬਣਦਾ ਹੈ। ਉਹ ਦਿੱਲੀ ਵਿੱਚ ਨੌਕਰੀ ਕਰਦਾ ਹੈ। ਅੰਮ੍ਰਿਤਸਰ ਤੋਂ ਦਿੱਲੀ ਆਉਂਦਿਆਂ ਗੱਡੀ ਵਿੱਚ ਕਿਰਨ ਨਾਲ ਮੁਲਾਕਾਤ ਹੁੰਦੀ ਹੈ ਤੇ ਕਿਰਨ ਉਸ ਦੇ ਨਾਲ ਹੀ ਉਸ ਦੇ ਘਰ ਆ ਜਾਂਦੀ ਹੈ। ਹਰਵੀਰ ਅੰਮ੍ਰਿਤਸਰ ਆਪਣੀ ਭੂਆ ਨੂੰ ਮਿਲਣ ਗਿਆ ਸੀ। ਰਾਹ ਵਿਚਲੇ ਕਿਰਨ ਦੇ ਸਾਥ ਨੇ ਉਸਦਾ ਸਫਰ ਵਧੀਆ ਕਰ ਦਿੱਤਾ। ਦਿੱਲੀ ਪਹੁੰਚ ਕੇ ਹਰਵੀਰ ਦੇ ਘਰ ਉਸ ਨੂੰ ਬਿਲਕੁਲ ਓਪਰਾ ਨਹੀਂ ਲੱਗਿਆ। ਮਾਸੀ ਉਸ ਦਾ ਤੇ ਬਾਕੀਆਂ ਦਾ ਬਹੁਤ ਖਿਆਲ ਰੱਖਦੀ ਹੈ। ਮਾਸੀ ਨੂੰ ਇਹਨਾਂ ਸਭਨਾਂ ਦੀ ਸੰਗਤ ਵਿੱਚ ਆਪਣੀ ਬੀਤੀ ਜ਼ਿੰਦਗੀ ਦਾ ਦੁੱਖ ਭੁੱਲ ਜਾਂਦਾ ਹੈ। ਇੱਕ ਭਰਪੂਰ ਪਿਆਰ ਕਰਨ ਵਾਲਾ ਪਰਿਵਾਰ ਉਸਨੂੰ ਮਿਲ ਜਾਂਦਾ ਹੈ। ਉਹ ਇਨ੍ਹਾਂ ਦੇ ਸਾਹੀ ਜਿਉਂਦੀ ਹੈ ਅਤੇ ਸਭ ਦਾ ਬਹੁਤ ਖਿਆਲ ਰੱਖਦੀ ਹੈ। ਹਰਵੀਰ ਦੀ ਨੌਕਰੀ ਨਾਲ ਪਰਿਵਾਰ ਪਲ ਰਿਹਾ ਹੁੰਦਾ ਹੈ। ਸਭ ਸੰਤੋਖ ਦੀ ਜ਼ਿੰਦਗੀ ਬਿਤਾਉਂਦਿਆਂ ਸਾਰੇ ਖੁਸ਼ ਰਹਿੰਦੇ ਹਨ, ਕਿਰਨ ਵੀ ਇਨ੍ਹਾਂ ਵਿੱਚ ਆ ਕੇ ਆਪਣੀ ਜ਼ਿੰਦਗੀ ਦੇ ਸਾਰੇ ਦੁੱਖ ਕਲੇਸ਼ ਭੁੱਲ ਜਾਂਦੀ ਹੈ। ਉਸ ਦੀ ਅੰਮ੍ਰਿਤਸਰ ਵਾਲੀ ਸਹੇਲੀ ਮਨਪ੍ਰੀਤ ਸਮੇਂ ਸਮੇਂ ਕਿਰਨ ਨੂੰ ਉਸਦੇ ਪਿੰਡ, ਪਰਿਵਾਰ ਤੇ ਪਿੰਡ ਦੇ ਹਾਲਾਤ ਸਭ ਕੁਝ ਬਾਰੇ ਦੱਸਦੀ ਰਹਿੰਦੀ ਹੈ।

ਗੁਰਮੁੱਖ ਸਿੰਘ ਕਿਰਨ ਦੇ ਬਾਪ ਨੂੰ ਗਲਤ ਰਸਤਿਆਂ ਰਾਹੀਂ ਬਾਹਰ ਭੇਜਦਾ ਹੈ ਪਰ ਉਹ ਅਮਰੀਕਾ ਦੇ ਜੰਗਲਾਂ ਅਤੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿੱਚ ਸੜਦਾ ਹੈ ਤੇ ਯਾਦਾਸ਼ਤ ਖੋਹ ਬੈਠਦਾ ਹੈ। ਬਹੁਤ ਦੇਰ ਬਾਅਦ ਜਦੋਂ ਰਿਹਾ ਹੋ ਕੇ ਘਰ ਆਉਂਦਾ ਹੈ ਤੇ ਉਸ ਨੂੰ ਕੁਝ ਵੀ ਯਾਦ ਨਹੀਂ। ਉਸ ਨੂੰ ਪਤਾ ਨਹੀ ਕਿ ਨਵੀਂ ਵਿਆਹੀ ਪਤਨੀ ਦਾ ਕੀ ਬਣਿਆ। ਉਸ ਨੂੰ ਇਹ ਵੀ ਨਹੀ ਪਤਾ ਕਿ ਉਸ ਦੀ ਇੱਕ ਧੀ ਕਿਰਨ ਵੀ ਹੈ। ਪਰ ਹਾਲਾਤ ਹੌਲੀ-ਹੌਲੀ ਬਦਲਦੇ ਹਨ। ਕਿਰਨ ਦਾ ਹਿਰਦਾ ਗੁਰਮੁੱਖ ਤੋਂ ਬਦਲਾ ਲੈਣ ਲਈ ਨੱਕੋ- ਨੱਕ ਭਰਿਆ ਪਿਆ ਹੈ। ਗੁਰਮੁੱਖ ਦੀ ਚੋਣ-ਮੁਹਿੰਮ ਵੇਲੇ ਕਿਰਨ ਸਟੇਜ ਤੇ ਜਾ ਕੇ ਆਪਣੀ ਕਿਰਪਾਨ ਨਾਲ ਤਾਏ ਦੇ ਟੋਟੇ-ਟੋਟੇ ਕਰ ਦਿੰਦੀ ਹੈ ਅਤੇ ਮਾਈਕ ਤੇ ਜਾ ਕੇ ਗੁਰਮੁੱਖ ਸਿੰਘ ਦੀਆਂ ਕਾਲੀਆਂ ਕਰਤੂਤਾ ਦੇ ਚਿੱਠੇ ਪਿੰਡ ਵਾਲਿਆਂ ਅੱਗੇ ਰੱਖਦੀ ਹੈ। ਗੁਰਮੁੱਖ ਸਿੰਘ ਦੇ ਕਤਲ ਦੇ ਦੋਸ਼ ਵਿੱਚ ਕਿਰਨ ਨੂੰ ਫਾਂਸੀ ਦੀ ਸਜਾ ਹੋਈ ਪਰ ਮਾਈ ਭਾਗੋ ਬਰੀਗੇਡ ਤੇ ਹੋਰ ਔਰਤ ਯੂਨੀਅਨਾਂ ਦੀ ਐਜੀਟੇਸ਼ਨ ਦੇ ਸਿੱਟੇ ਵੱਜੋ ਕਿਰਨ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਗਈ। ਜਦੋ ਅਖਬਾਰਾਂ ਰਾਹੀਂ ਲੋਕਾਂ ਨੇ ਗੁਰਮੁੱਖ ਸਿੰਘ ਦੀਆਂ ਕਾਲੀਆਂ ਕਰਤੂਤਾਂ ਦੇ ਚਿੱਠੇ ਪੜ੍ਹੇ ਤਾਂ ਲੋਕ ਕਿਰਨ ਦੀ ਸ਼ਲਾਘਾ ਅਤੇ ਗੁਰਮੁੱਖ ਨੂੰ ਲਾਹਨਤਾਂ ਪਾਣ ਲੱਗੇ ।

ਹਰਵੀਰ, ਮਨਪ੍ਰੀਤ ਅਤੇ ਕਿਰਨ ਦੇ ਪਿਤਾ ਜੁਗਰਾਜ ਸਾਰੇ ਕਿਰਨ ਤੋਂ ਖੁਸ਼ ਸਨ ਪਰ ਉਸ ਦੀ ਉਮਰ ਕੈਦ ਤੋਂ ਦੁੱਖੀ। ਕਿਰਨ ਨੇ ਹਰਵੀਰ ਅਤੇ ਮਾਸੀ ਦੀ ਸੰਗਤ ਵਿੱਚ ਰਹਿ ਕੇ ਅੰਮ੍ਰਿਤਧਾਰੀ ਗੁਰਸਿੱਖੀ ਜੀਵਨ ਧਾਰਨ ਕੀਤਾ ਹੋਇਆ ਸੀ। ਤਾਏ ਨੂੰ ਮਾਰ ਕੇ ਉਸ ਨੇ ਸ਼ੇਰਨੀ ਸਿੰਘਣੀ ਦਾ ਕੰਮ ਕੀਤਾ ਸੀ। ਜਿਸ ਤੋਂ ਕਿਸੇ ਨੂੰ ਵੀ ਉਸ ਦੇ ਇਸ ਕੰਮ ਤੋਂ ਗਿਲਾ-ਸ਼ਿਕਵਾ ਨਹੀ ਸੀ। ਉਹ ਤਾਂ ਜੇਲ੍ਹ ਵਿੱਚ ਚੜ੍ਹਦੀ ਕਲਾ ਵਾਲਾ ਜੀਵਨ ਜਿਉ ਰਹੀ ਸੀ। ਜੇਲ੍ਹ ਸਟਾਫ ਦੀ ਉਹ ਚਹੇਤੀ ਬਣ ਗਈ ਸੀ। ਜੇਲ੍ਹ ਦੀ ਫੇਰੀ ਤੇ ਆਏ ਮੁੱਖ ਮੰਤਰੀ ਨੇ ਚੰਗੇ ਆਚਰਣ ਵਾਲੇ ਕੈਦੀਆਂ ਦੀ ਰਿਹਾਈ ਨਾਲ ਕਿਰਨ ਨੂੰ ਵੀ ਰਿਹਾ ਕਰ ਦਿੱਤਾ। ਜੇਲ੍ਹ ਦੇ ਇਸ ਸਮਾਗਮ ਵਿੱਚ ਕਿਰਨ ਦੇ

ਬਾਕੀ ਸਫ਼ਾ 37 'ਤੇ......

## ਸੈਣੀ ਸਮਾਚਾਰ

*** ਸੈਣੀ ਯੂਥ ਫੈਡਰੇਸ਼ਨ ਦੀ ਸੂਬਾ ਕਾਰਜਕਾਰਨੀ ਤੇ ਕੋਰ ਕਮੇਟੀ ਦੀ ਅਹਿਮ ਬੈਠਕ ਸੂਬਾ ਜਨਰਲ ਸਕੱਤਰ ਗੁਰਜਿੰਦਰ ਸਿੰਘ ਮੰਝਪੁਰ ਦੀ ਪ੍ਰਧਾਨਗੀ ਹੇਠ ਸੈਣੀ ਭਵਨ ਚੰਡੀਗੜ੍ਹ ਵਿਖੇ ਹੋਈ। ਇਸ ਵਿੱਚ ਕੌਮੀ ਪ੍ਰਧਾਨ ਨਰਿੰਦਰ ਸਿੰਘ ਲਾਲੀ ਤੇ ਸੂਬਾ ਪ੍ਰਧਾਨ ਅਮਰਜੀਤ ਸਿੰਘ ਢਾਡੇਕਟਵਾਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਬੈਠਕ ਵਿੱਚ ਫੈਡਰੇਸ਼ਨ ਦੇ ਜਥੇਬੰਦਕ ਢਾਂਚੇ ਅਤੇ ਸੈਣੀ ਸਮਾਜ ਨੂੰ ਦਰਪੇਸ਼ ਮਸਲਿਆਂ ਬਾਰੇ ਵਿਚਾਰਵਟਾਂਦਰਾ ਕੀਤਾ ਗਿਆ। ਇਸ ਸਮੇਂ ਜਥੇਬੰਦੀ ਦਾ ਵਿਸਥਾਰ ਕਰਦਿਆਂ ਕੰਵਲਦੀਪ ਸੈਣੀ ਖਰੜ ਅਤੇ ਗੁਰਪ੍ਰੀਤ ਸਿੰਘ ਸੈਣੀ ਹੁਸ਼ਿਆਰਪੁਰ ਨੂੰ ਸੂਬਾ ਕੋਰ ਕਮੇਟੀ ਵਿੱਚ ਸ਼ਾਮਿਲ ਕੀਤਾ ਗਿਆ। ਸੂਬਾ ਪ੍ਰਧਾਨ ਨੇ ਦੱਸਿਆ ਕਿ ਫੈਡਰੇਸ਼ਨ ਵਲੋਂ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੂੰ ਥਾਪ ਕੇ ਵੱਖ-ਵੱਖ ਹਲਕਿਆਂ ਅੰਦਰ ਜ਼ੋਨਲ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।

** ਆਲ ਇੰਡੀਆ ਸੈਣੀ ਸੇਵਾ ਸਮਾਜ (ਰਜਿ.) ਦਾ ਰਾਸ਼ਟਰੀ ਅਧਿਵੇਸ਼ਨ ਤੇ ਸਨਮਾਨ ਸਮਾਰੋਹ 10 ਜੁਲਾਈ, 2022 ਨੂੰ ਜਵਾਹਰ ਲਾਲ ਨਹਿਰੂ ਸਟੇਡੀਅਮ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ। ਸ਼੍ਰੀ ਕੇਸ਼ਵ ਪ੍ਰਸ਼ਾਦ ਮੌਰਿਆ ਇਸ ਸਮੇਂ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਸਮਾਗਮ ਵਿੱਚ ਸੰਗਠਨ ਦੀ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ ਗਈ। ਇਸ ਦੇ ਨਾਲ ਹੀ ਸੈਣੀ ਸਮਾਜ ਦੀ ਭਲਾਈ ਅਤੇ ਬਿਹਤਰੀ ਲਈ ਕੰਮ ਕਰਨ ਵਾਲੇ ਉਤਸ਼ਾਹੀ ਵਿਅਕਤੀਆਂ ਨੂੰ ਸਮਾਜ ਰਤਨ, ਸਮਾਜ ਗੌਰਵ ਅਤੇ ਸਮਾਜ ਪ੍ਰਤਿਭਾ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਮਾਜ ਦੀ ਪੱਤ੍ਰਿਕਾ 'ਪ੍ਰਤਿਬਿੰਬ' ਦਾ ਵਿਮੋਚਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਸੈਣੀ ਸਮਾਜ ਦੇ ਪ੍ਰਮੁੱਖ ਨੇਤਾਵਾਂ ਨੇ ਸਮਾਜ ਦੀ ਏਕਤਾ ਬਣਾਈ ਰੱਖਣ ਲਈ ਭਰਪੂਰ ਵਿਚਾਰ-ਵਟਾਂਦਰਾ ਕੀਤਾ ਅਤੇ ਭਿੰਨ ਭਿੰਨ ਖੇਤਰਾਂ ਵਿੱਚ ਵਿਸ਼ੇਸ਼ ਸਫ਼ਲਤਾਵਾਂ ਹਾਸਲ ਕਰਨ ਵਾਲੇ ਕਰਮਯੋਗੀਆਂ ਨੂੰ ਸਨਮਾਨਿਤ ਕੀਤਾ। ਇਸ ਵਿਸ਼ਾਲ ਸਮਾਗਮ ਦਾ ਪ੍ਰਬੰਧ ਸੰਗਠਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਦਿਲਬਾਗ ਸਿੰਘ ਸੈਣੀ, ਰਾਸ਼ਟਰੀ ਸੰਗਠਨ ਮਹਾਂਸਚਿਵ ਰਾਜਕੁਮਾਰ ਸੈਣੀ ਅਤੇ ਰਾਸ਼ਟਰੀ ਕੋਸ਼ਾਧਿਅਕਸ਼ ਸ਼੍ਰੀ ਅਜ਼ਾਦ ਸਿੰਘ ਸੈਣੀ ਦੀ ਦੇਖਰੇਖ ਵਿੱਚ ਹੋਇਆ। ਇਸ ਸਮਾਗਮ ਵਿੱਚ ਦੇਸ਼ ਦੇ ਹਰ ਭਾਗ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੈਣੀ ਬਰਾਦਰੀ ਦੇ ਪ੍ਰਮੁੱਖ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿੱਚ ਪੰਜਾਬ ਤੋਂ ਸ. ਹਰਭਜਨ ਸਿੰਘ ਸੈਣੀ ਮੋਹਾਲੀ ਅਤੇ ਸ਼੍ਰੀਮਤੀ ਸ਼ੁਭ ਸੈਣੀ ਨਵਾਂਸ਼ਹਿਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

*** ਸੈਣੀ ਮਹਾਂ ਸਭਾ (ਰਜਿ.) ਪੰਜਾਬ ਦਾ ਸੈਣੀ ਸੰਮੇਲਨ ਮਿਤੀ 24 ਸਤੰਬਰ, 2022 ਨੂੰ ਰੂਪਨਗਰ ਵਿਖੇ ਹੋਇਆ। ਇਸ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਤੋਂ 150 ਦੇ ਕਰੀਬ ਨਾਮਵਰ ਸੈਣੀ ਸਖਸ਼ੀਅਤਾਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਸੈਣੀ ਬਰਾਦਰੀ ਦੇ ਸ਼੍ਰੋਮਣੀ ਸ਼ਹੀਦਾਂ-ਬੀਬੀ ਸ਼ਰਨ ਕੌਰ, ਭਾਈ ਗੁਰਸਾ ਸਿੰਘ ਗਹੂਣੀਆਂ, ਭਾਈ ਜਮਾਲਾ ਸਿੰਘ ਅਤੇ ਬਾਬੂ ਲਾਭ ਸਿੰਘ ਦੀਆਂ ਯਾਦਗਾਰਾਂ ਸਥਾਪਿਤ ਕੀਤੀਆਂ ਜਾਣ, ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਇਨ੍ਹਾਂ ਦੇ ਨਾਮ ਦੀਆਂ ਚੇਅਰਾਂ ਸਥਾਪਿਤ ਕੀਤੀਆਂ ਜਾਣ ਅਤੇ ਇਨ੍ਹਾਂ ਦੀਆਂ ਜੀਵਨੀਆਂ ਨੂੰ ਵਿਦਿਆਰਥੀਆਂ ਦੀਆਂ ਪਾਠ ਪੁਸਤਕਾਂ ਵਿੱਚ ਸ਼ਾਮਿਲ ਕੀਤਾ ਜਾਵੇ। ਸ. ਹਰਜੀਤ ਸਿੰਘ ਲੌਂਗੀਆ ਦੀ ਪ੍ਰਧਾਨਗੀ ਹੇਠ ਹੋਏ ਇਸ ਇਕੱਠ ਵਿੱਚ ਹਰਿਆਣਾ ਦੇ ਸਾਬਕਾ ਐਮ.ਪੀ. ਸ਼੍ਰੀ ਰਾਜ ਕੁਮਾਰ, ਮੌਜੂਦਾ ਐਮ.ਪੀ ਸ਼੍ਰੀ ਨਾਇਬ ਸਿੰਘ, ਨਵਾਂਸ਼ਹਿਰ ਜ਼ਿਲ੍ਹੇ ਤੋਂ ਸ. ਬਹਾਦਰ ਸਿੰਘ, ਰੂਪਨਗਰ ਜ਼ਿਲ੍ਹੇ ਤੋਂ ਸ. ਅਮਰਜੀਤ ਸਿੰਘ ਭੱਠੇਵਾਲੇ, ਸੈਣੀ ਭਵਨ ਦੇ ਚੇਅਰਮੈਨ ਡਾ. ਅਜਮੇਰ ਸਿੰਘ, ਐਡਵੋਕੇਟ ਕਮਲ ਸੈਣੀ ਅਤੇ ਚੰਡੀਗੜ੍ਹ ਤੋਂ ਸ. ਹਰਦੀਪ ਸਿੰਘ ਬੁਟਰੇਲਾ ਨੇ ਸਮਾਗਮ ਨੂੰ ਸੰਬੋਧਨ ਕੀਤਾ। ਇਸ ਸਮੇਂ ਕੁਰੂਕਸ਼ੇਤਰ ਦੇ ਸਾਬਕਾ ਐਮ.ਪੀ ਸ. ਗੁਰਦਿਆਲ ਸਿੰਘ, ਚੰਡੀਗੜ੍ਹ ਤੋਂ ਡਿਪਟੀ ਐਡਵੋਕੇਟ ਜਨਰਲ ਹਰਸਿਮਰ ਸਿੰਘ ਅਤੇ ਐਸ.ਜੀ.ਪੀ.ਸੀ ਦੇ ਮੈਂਬਰ ਸ. ਲਖਵੀਰ ਸਿੰਘ ਵੀ ਹਾਜ਼ਰ ਸਨ।

ਸਫਾ 36 ਦੀ ਬਾਕੀ

ਨਾਲ ਹਰਵੀਰ ਨੂੰ ਵੀ ਸਨਮਾਨਿਤ ਕੀਤਾ। ਪੱਤਰਕਾਰਾਂ ਨੇ ਉਨ੍ਹਾਂ ਦੀਆਂ ਫੋਟੋਆਂ ਨਾਲ ਅਖਬਾਰਾਂ ਭਰ ਦਿੱਤੀਆਂ ।

ਜੇਲ੍ਹ ਤੋਂ ਆ ਕੇ ਕਿਰਨ, ਹਰਵੀਰ ਅਤੇ ਮਾਸੀ ਕਿਰਨ ਦੇ ਪਿੰਡ ਗਏ। ਉਸ ਦੇ ਪਿਤਾ ਨੂੰ ਮਿਲੇ। ਸਭ ਨੇ ਉਨ੍ਹਾਂ ਦਾ ਸਵਾਗਤ ਕੀਤਾ। ਗੁਰਦੁਆਰੇ ਜਾ ਕੇ ਸਭ ਨੇ ਹਰਵੀਰ ਅਤੇ ਕਿਰਨ ਨੂੰ ਅਸੀਸ ਦੇ ਕੇ ਵਿਆਹ ਬੰਧਨ ਵਿੱਚ ਬੰਨ ਦਿੱਤਾ। ਕਿਰਨ ਦਾ ਪਿਤਾ ਧੀ ਵੱਲੋ ਭਾਰ ਮੁਕਤ ਹੋ ਗਿਆ। ਹਰਵੀਰ ਅਤੇ ਕਿਰਨ ਆਪਣੀ ਭੂਆ ਕੋਲੋਂ ਆਸ਼ੀਰਵਾਦ ਲੈ ਕੇ ਦਿੱਲੀ ਪਹੁੰਚੇ। ਮਾਸੀ ਨੇ ਪਾਣੀ ਵਾਰ ਕੇ ਪੀਤਾ, 'ਗੁਰੂਘਰ ' ਹਰਵੀਰ ਦਾ ਘਰ ਖੁਸ਼ੀਆਂ ਨਾਲ ਭਰ ਗਿਆ। ਦੋ ਪਾਕ ਪਵਿੱਤਰ ਰੂਹਾਂ ਜੋ ਸਭ ਲਈ ਸ਼ੁਭ ਤੇ ਭਲੇ ਦੇ ਕੰਮ ਕਰਦੀਆਂ ਸਨ, ਇੱਕ ਜੋਤ ਹੋ ਗਈਆਂ। ਉਹ ਸ਼ੁਭ ਕੰਮ ਕਰਨ ਲਈ ਗ੍ਰਹਿਸਥ ਜੀਵਨ ਵਿੱਚ ਬੱਝ ਗਏ। ਇਉਂ ਇਹ ਨਾਵਲ ਪਾਪੀਆਂ ਦਾ ਨਾਸ਼ ਕਰਨ ਅਤੇ ਸ਼ੁਭ ਗੁਣਾਂ ਨਾਲ ਧਰਮ ਦਾ ਪ੍ਰਕਾਸ਼ ਕਰਨ ਦਾ ਸੁਨੇਹਾ ਦਿੰਦਾ ਹੈ ।

.......ਸਫਾ 22 ਦੀ ਬਾਕੀ

ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਔਰਤਾਂ ਨੇ ਹੀ ਝੱਲਿਆ ਹੈ। ਇਨ੍ਹਾਂ ਮਾਵਾਂ ਦੇ ਡੁੱਲੇ ਲਹੂ ਨੂੰ ਅਜਾਈਂ ਨਾਂ ਗੁਆਈਏ। ਅੱਗੇ ਤੋਂ ਹਰ ਆਜ਼ਾਦੀ ਦਿਵਸ ਉੱਤੇ ਇੱਕ ਦੀਵਾ 'ਮਾਂ ਦੇ ਨਾਂ ਦਾ','ਭੈਣ ਦੇ ਨਾਂ ਦਾ' ਤੇ 'ਧੀ ਦੇ ਨਾਂ ਦਾ' ਵੀ ਜ਼ਰੂਰ ਬਾਲਿਓ।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ 'ਸੈਣੀ ਸੰਸਾਰ' ਦਾ 45ਵਾਂ ਅੰਕ ਲੋਕਅਰਪਣ ਕਰਦੇ ਹੋਏ ਸ਼੍ਰੀ ਰਮੇਸ਼ ਗੋਇਲ ਮਾਲਕ ਜੇ.ਆਰ. ਰਿਟਜ਼ ਮਲਟੀਪਲੈਕਸ ਰੂਪਨਗਰ



ਸ਼੍ਰੀਮਤੀ ਹਰਜੋਤ ਕੌਰ ਸਹਾਇਕ ਕਮਿਸ਼ਨਰ ਰੂਪਨਗਰ, ਸੈਣੀ ਭਵਨ ਵਿਖੇ 18ਵੇਂ ਖ਼ੂਨਦਾਨ ਕੈਂਪ ਮੌਕੇ ਖ਼ੂਨਦਾਨੀਆਂ ਦਾ ਸਨਮਾਨ ਕਰਦੇ ਹੋਏ।



ਸ. ਤਰਲੋਚਨ ਸਿੰਘ ਡੀ.ਐੱਸ.ਪੀ. (ਆਰ), ਰੂਪਨਗਰ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਵਲੋਂ ਸੈਣੀ ਭਵਨ ਨੂੰ ਸਿਲਾਈ ਮਸ਼ੀਨਾਂ ਦਾਨ ਕਰਦੇ ਹੋਏ।



ਸ਼੍ਰੀਮਤੀ ਗੁਰਮੀਤ ਕੌਰ ਸੈਣੀ ਮੁੱਖ ਮਹਿਮਾਨ ਅਤੇ ਨਗਰ ਕੌਂਸਲ ਰੂਪਨਗਰ ਦੇ ਪ੍ਰਧਾਨ ਸ਼੍ਰੀ ਸੰਜੈ ਵਰਮਾ ਤੀਆਂ ਦੇ ਤਿਉਹਾਰ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਨਾਲ

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar


PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001